ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਸ਼ੁੱਕਰਵਾਰ, 19 ਜੁਲਾਈ 2024

**ਅੱਜ ਦਾ ਸ਼ੁਭ ਵਿਚਾਰ**



ਪੰਛੀਆਂ ਦੀ ਇੱਕ ਗੱਲ ਚੰਗੀ ਏ, ਚੋਗਾ ਭਾਵੇਂ ਬੋਰੀ ਸੁੱਟ ਦਿਓ, ਭਰਨਗੇ ਬੱਸ ਢਿੱਡ ਹੀ, ਬੰਦੇ ਵਾਂਗੂ ਲਿਫ਼ਾਫ਼ੇ ਨਹੀਂ।

ਜਸਵਿੰਦਰ ਸਿੰਘ ਮਾਹਲ

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 * ਸਾਲ 16 , * ਅੰਕ : 46, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111


ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
easyvisa | 8194828282

## ਅਮਰੀਕਾ ਵਿੱਚ ਭਾਰਤੀ ਵਿਦਿਆਰਥਣ ਦੀ ਹੋਈ ਮੌਤ



ਨਿਊਯਾਰਕ, (ਲੋਕ ਬਾਣੀ) ਅਮਰੀਕਾ ਵਿੱਚ ਭਾਰਤੀ ਵਿਦਿਆਰਥਣ ਦੀ ਮੌਤ ਤੋਂ ਬਾਅਦ ਅਸੰਵੇਦਨਸ਼ੀਲ ਟਿੱਪਣੀ ਕਰਨ ਅਤੇ ਹੱਸਣ ਵਾਲੇ ਪੁਲੀਸ ਅਧਿਕਾਰੀ ਨੂੰ ਬਰਖ਼ਾਸਤ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਭਾਰਤੀ ਵਿਦਿਆਰਥਣ ਜ੍ਹਾਨਵੀ ਕੰਡੁਲਾ (23) ਨੂੰ ਸੜਕ ਪਾਰ ਕਰਨ ਮੌਕੇ ਪੁਲੀਸ ਦੀ ਕਾਰ ਨੇ ਟੱਕਰ ਮਾਰ ਦਿੱਤੀ ਸੀ। ਉਸ ਦਾ ਕਾਰ ਚਾਲਕ ਕੇਵਿਨ ਡੇਵ ਨਾਂ ਦਾ ਪੁਲੀਸ ਅਧਿਕਾਰੀ ਕਿਸੇ ਕੇਸ ਦੀ ਜਾਂਚ ਲਈ ਤੇਜ਼ੀ ਨਾਲ ਜਾ ਰਿਹਾ ਸੀ। ਟੱਕਰ ਤੋਂ ਬਾਅਦ ਜ੍ਹਾਨਵੀ 100 ਫੁੱਟ ਦੂਰ ਜਾ ਡਿੱਗੀ ਸੀ।
ਸਿਆਟਲ ਪੁਲੀਸ ਵਿਭਾਗ ਵੱਲੋਂ ਕੀਤੀ ਜਾਂਚ ਵਿਚ ਪਾਇਆ ਗਿਆ ਕਿ ਟੱਕਰ ਮਾਰਨ ਤੋਂ ਬਾਅਦ ਪੁਲੀਸ ਅਧਿਕਾਰੀ ਨੇ ਅਸੰਵੇਦਨਸ਼ੀਲ ਟਿੱਪਣੀਆਂ ਕੀਤੀਆਂ ਅਤੇ ਚਾਰ ਸਕਿੰਟ ਤੱਕ ਹੱਸਿਆ।

## ਬਦਮਾਸ਼ ਅਪਰਾਧੀ ਦੀ ਟਾਸਕ ਫੋਰਸ ਮਿਲ਼ੀ ਸੂਚਨਾਂ




ਸ਼ਾਹਜਹਾਂਪੁਰ-(ਲੋਕ ਬਾਣੀ) ਸ਼ਾਹਜਹਾਂਪੁਰ ਜ਼ਿਲ੍ਹੇ ਦੇ ਤਿਲਹਾਰ ਖੇਤਰ ਵਿਚ ਉੱਤਰ ਪ੍ਰਦੇਸ਼ ਪੁਲਿਸ ਦੀ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਨਾਲ ਮੁਕਾਬਲੇ ਵਿਚ ਇਕ ਲੱਖ ਰੁਪਏ ਦਾ ਇਨਾਮ ਵਾਲਾ ਇਕ ਅਪਰਾਧੀ ਮਾਰਿਆ ਗਿਆ। ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਐਸ.ਪੀ. (ਐਸ.ਪੀ.) ਅਸ਼ੋਕ ਕੁਮਾਰ ਮੀਨਾ ਨੇ ਦੱਸਿਆ ਕਿ ਬੁੱਧਵਾਰ ਰਾਤ ਨੂੰ ਐਸ.ਟੀ.ਐਫ. ਦੀ ਬਰੇਲੀ ਯੂਨਿਟ ਨੂੰ ਸੂਚਨਾ ਮਿਲੀ ਕਿ ਸੰਭਲ ਜ਼ਿਲ੍ਹੇ ਦਾ ਰਹਿਣ ਵਾਲਾ ਬਦਨਾਮ ਅਪਰਾਧੀ ਸ਼ਾਹਨੂਰ ਉਰਫ਼ ਸ਼ਾਨੂ ਸ਼ਾਹਜਹਾਂਪੁਰ ਵਿਚ ਮੌਜੂਦ ਹੈ। ਉਨ੍ਹਾਂ ਕਿਹਾ ਕਿ ਜਵਾਬੀ ਗੋਲੀਬਾਰੀ ਵਿਚ ਸ਼ਾਨੂ ਦੀ ਛਾਤੀ ਵਿਚ ਦੋ ਗੋਲੀਆਂ ਲੱਗੀਆਂ। ਐਸ. ਟੀ. ਐਫ. ਦੀ ਟੀਮ ਜ਼ਖਮੀ ਅਪਰਾਧੀ ਨੂੰ ਮੈਡੀਕਲ ਕਾਲਜ ਲੈ ਗਈ ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਸ਼ਾਨੂ ਖਿਲਾਫ ਸੰਭਲ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਚ ਲੁੱਟ, ਕਤਲ ਅਤੇ ਡਕੈਤੀ ਸਮੇਤ 32 ਮਾਮਲੇ ਦਰਜ ਹਨ।

## ਯੂਪੀ ਵਿਚ ਵਾਪਰੀਆਂ ਭਿਆਨਕ ਰੇਲ ਹਾਦਸਾ



ਚੰਡੀਗੜ੍ਹ , (ਵਿਨੋਦ ਸ਼ਰਮਾ )-ਡਿਬਰੂਗੜ੍ਹ-ਚੰਡੀਗੜ੍ਹ ਐਕਸਪ੍ਰੈਸ ਦੇ ਪਟੜੀ ਤੋਂ ਉਤਰਨ ਤੇ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਟਵੀਟ ਕੀਤਾ ਕਿ ਗੋਂਡਾ ਜ਼ਿਲ੍ਹੇ ਵਿਚ ਰੇਲ ਹਾਦਸਾ ਬਹੁਤ ਦੁਖਦਾਈ ਹੈ। ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਜੰਗੀ ਪੱਧਰ ਤੇ ਰਾਹਤ ਅਤੇ ਬਚਾਅ ਕਾਰਜ ਕਰਨ ਅਤੇ ਜ਼ਖਮੀਆਂ ਨੂੰ ਇਲਾਜ ਲਈ ਜਲਦੀ ਹਸਪਤਾਲ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਹਸਪਤਾਲ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਉਚਿਤ ਇਲਾਜ ਮੁਹੱਈਆ ਕਰਵਾਇਆ ਜਾਵੇ।

## ਐਕਸਪ੍ਰੈਸ ਹਾਦਸੇ ਬਾਰੇ ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ ਨੇ ਕੀਤੀ ਪੁਸ਼ਟੀ



ਗੋਂਡਾ (ਲੋਕ ਬਾਣੀ)-ਉੱਤਰ ਪ੍ਰਦੇਸ਼ ਦੇ ਗੋਂਡਾ ਨੇੜੇ ਅੱਜ ਚੰਡੀਗੜ੍ਹ-ਡਿਬਰੂਗੜ੍ਹ ਐਕਸਪ੍ਰੈੱਸ ਦੇ ਅੱਠ ਡੱਬੇ ਪੱਟੜੀ ਤੋਂ ਲੱਥ ਜਾਣ ਕਾਰਨ ਚਾਰ ਮੁਸਾਫਰਾਂ ਦੀ ਮੌਤ ਹੋ ਗਈ ਤੇ 20 ਹੋਰ ਜ਼ਖ਼ਮੀ ਹੋ ਗਏ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਘਟਨਾ ਦਾ ਨੋਟਿਸ ਲੈਂਦਿਆਂ ਸਥਾਨਕ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਹਨ ਕਿ ਪ੍ਰਭਾਵਿਤ ਮੁਸਾਫਰਾਂ ਨੂੰ ਹਰ ਲੋੜੀਂਦੀ ਮਦਦ ਮੁਹੱਈਆ ਕੀਤੀ ਜਾਵੇ। ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ ਨੇ ਇਸ ਹਾਦਸੇ 'ਚ ਚਾਰ ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਉੱਤਰ ਪ੍ਰਦੇਸ਼ ਦੇ ਰਾਹਤ ਕਮਿਸ਼ਨਰ ਜੀਐੱਸ ਨਵੀਨ ਕੁਮਾਰ ਨੇ ਕਿਹਾ ਕਿ ਹਾਦਸੇ ਵਿੱਚ 20 ਮੁਸਾਫਰ ਜ਼ਖ਼ਮੀ ਹੋਏ ਹਨ। ਘਟਨਾ ਸਥਾਨ 'ਤੇ ਪੁੱਜੇ ਗੋਂਡਾ ਦੇ ਜ਼ਿਲ੍ਹਾ ਮੈਜਿਸਟਰੇਟ ਨੇਹਾ ਸ਼ਰਮਾ ਨੇ ਦੱਸਿਆ ਕਿ ਰੇਲ ਗੱਡੀ ਦੇ ਅੱਠ ਡੱਬੇ ਪੱਟੜੀ ਤੋਂ ਹੇਠਾਂ ਉੱਤਰ ਗਏ ਹਨ। ਉਨ੍ਹਾਂ ਦੱਸਿਆ ਕਿ ਘਟਨਾ ਸਥਾਨ 'ਤੇ ਰਾਹਤ ਤੇ ਬਚਾਅ ਕਾਰਜ ਚਲਾਏ ਜਾ ਰਹੇ ਹਨ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ।

## ਨੀਟ ਯੂਜੀ ਪੇਪਰ ਲੀਕ ਦਾ ਮਾਮਲਾ ਆਇਆ ਸਾਹਮਣੇ




ਨਵੀਂ ਦਿੱਲ ,( ਲੋਕ ਬਾਣੀ) --ਸੀਬੀਆਈ ਨੇ ਨੀਟ-ਯੂਜੀ ਪੇਪਰ ਲੀਕ ਮਾਮਲੇ ਵਿਚ ਏਮਜ਼ ਪਟਨਾ ਦੇ ਤਿੰਨ ਵਿਦਿਆਰਥੀਆਂ ਤੋਂ ਪੁੱਛਗਿੱਛ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਮੰਗਲਵਾਰ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਜਮਸ਼ੇਦਪੁਰ ਦੇ 2017 ਬੈਚ ਦੇ ਸਿਵਲ ਇੰਜਨੀਅਰ ਪੰਕਜ ਕੁਮਾਰ ਉਰਫ਼ ਆਦਿੱਤਿਆ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਸ ਨੇ ਕਥਿਤ ਤੌਰ 'ਤੇ ਹਜ਼ਾਰੀਬਾਗ ਸਥਿਤ ਐਨਟੀਏ ਟਰੰਕ ਤੋਂ ਨੀਟ-ਯੂਜੀ ਦਾ ਪੇਪਰ ਚੋਰੀ ਕੀਤਾ ਸੀ।

## ਹਰਿਆਣਾ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਆਪਣੇ ਬਲਬੂਤੇ ਤੇ ਲੜੇਗੀ -: ਆਪ

ਚੰਡੀਗੜ੍ਹ, (ਵਿਨੋਦ ਸ਼ਰਮਾ) ਆਮ ਆਦਮੀ ਪਾਰਟੀ ਨੇ ਅੱਜ ਐਲਾਨ ਕੀਤਾ ਹੈ ਕਿ ਉਹ ਹਰਿਆਣਾ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਆਪਣੇ ਬਲਬੂਤੇ 'ਤੇ ਲੜੇਗੀ। ਹਰਿਆਣਾ ਲੋਕ ਸਭਾ ਚੋਣਾਂ ਵਿਚ 'ਆਪ' ਨੇ ਕਾਂਗਰਸ ਨਾਲ ਗਠਜੋੜ ਕਰਕੇ ਇਕ ਸੀਟ 'ਤੇ ਚੋਣ ਲੜੀ ਸੀ। ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਸੰਸਦ ਮੈਂਬਰਾਂ ਸੰਜੇ ਸਿੰਘ ਅਤੇ ਸੰਦੀਪ ਪਾਠਕ ਦੀ ਮੌਜੂਦਗੀ ਵਿੱਚ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਮਾਨ ਨੇ ਕਿਹਾ ਕਿ 'ਆਪ' ਨੇ ਹਰਿਆਣਾ ਵਿਧਾਨ ਸਭਾ ਚੋਣਾਂ ਪੂਰੀ ਤਾਕਤ ਨਾਲ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਅਤੇ ਪੰਜਾਬ ਵਿੱਚ ਉਨ੍ਹਾਂ ਦੀ ਸਰਕਾਰ ਹੈ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਟੀਮ ਬਣਾ ਕੇ ਚੋਣਾਂ ਲੜੇਗੀ ਅਤੇ 10 ਸਾਲ ਰਾਜ ਕਰਨ ਵਾਲੀ ਹਰਿਆਣਾ ਵਿਚ ਡਬਲ ਇੰਜਣ ਵਾਲੀ ਸਰਕਾਰ ਨੂੰ ਹਰਾਏਗੀ ਕਿਉਂਕਿ ਹਰਿਆਣਾ ਦੇ ਲੋਕ ਬਦਲਾਅ ਚਾਹੁੰਦੇ ਹਨ।

## ਡੀਜੀਪੀ ਗੌਰਵ ਯਾਦਵ ਨੇ ਐਕਸ ਤੇ ਜਾਣਕਾਰੀ ਕੀਤੀ ਸਾਂਝੀ



ਚੰਡੀਗੜ੍ਹ,(ਲੋਕ ਬਾਣੀ )- ਪੰਜਾਬ ਪੁਲੀਸ ਨੇ ਬੱਬਰ ਖਾਲਸਾ ਦੇ ਇਕ ਕਾਰਕੁਨ ਨੂੰ ਗ੍ਰਿਫ਼ਤਾਰ ਕਰਦਿਆਂ ਸੰਭਾਵਿਤ ਟਾਰਗੇਟ ਹੱਤਿਆ ਨੂੰ ਟਾਲ ਦਿੱਤਾ ਹੈ। ਡੀਜੀਪੀ ਗੌਰਵ ਯਾਦਵ ਨੇ 'ਐਕਸ' ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅੰਮ੍ਰਿਤਸਰ ਵਿੱਚ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਸਹਿਯੋਗੀ ਅਤਿਵਾਦੀ ਮਾਡਿਊਲ ਦੇ ਇੱਕ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਵਿੱਚ ਸੰਚਾਲਕ ਹਰਪ੍ਰੀਤ ਸਿੰਘ ਉਰਫ ਹੈਪੀ ਪਾਸੀਆ ਅਤੇ ਰੇਸ਼ਮ ਸਿੰਘ ਸ਼ਾਮਲ ਹਨ। ਉਹ ਆਪਣੇ ਵਿਦੇਸ਼ੀ ਹੁਕਮਰਾਨਾਂ ਦੁਆਰਾ ਨਿਰਦੇਸ਼ਿਤ ਗੈਰ ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹਨ। ਪੁਲਿਸ ਨੇ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀ ਤੋਂ ਇੱਕ ਪਿਸਤੌਲ, ਦੋ ਮੈਗਜ਼ੀਨ, ਨੌਂ ਗੋਲੀਆਂ ਅਤੇ ਇੱਕ ਖਾਲੀ ਗੋਲੀ ਦਾ ਖੋਲ ਬਰਾਮਦ ਕੀਤਾ ਹੈ। -ਆਈਏਐੱਨਐੱਸ

## ਪੰਜਾਬ ਦੇ ਕੁਝ ਇਲਾਕਿਆਂ ਵਿੱਚ ਮੀਂਹ ਪੈਣ ਕਾਰਨ ਲੋਕਾਂ ਨੂੰ ਗਰਮੀ ਤੋਂ ਮਿਲੀ ਰਾਹਤ



ਬਠਿੰਡਾ, ,(ਲੋਕ ਬਾਣੀ ) ਇਨ੍ਹੀਂ ਦਿਨੀਂ ਨਮੀ ਨਾਲ ਲਬਰੇਜ਼ ਪੁਰੇ ਦੀ ਹਵਾ ਕਾਰਨ ਹੁੰਮਸ ਆਪਣੇ ਸਿਖਰ 'ਤੇ ਪਹੁੰਚੀ ਹੋਈ ਹੈ। ਉੱਪਰੋਂ ਬਿਜਲੀ ਸਪਲਾਈ 'ਚ ਥਾਂ-ਥਾਂ ਪੈਂਦੇ ਨੁਕਸ ਕਾਰਨ ਲੋਕਾਂ ਦਾ ਗਰਮੀ ਨੇ ਜਿਊਣਾ ਮੁਹਾਲ ਕੀਤਾ ਹੋਇਆ ਹੈ। ਬਠਿੰਡਾ 'ਚ ਅੱਜ ਛੜੱਪੇ ਮਾਰ ਕੇ 42 ਡਿਗਰੀ ਸੈਲਸੀਅਸ ਨੂੰ ਛੋਹੇ ਤਾਪਮਾਨ ਨੇ ਲੋਕਾਂ ਦੇ ਵੱਟ ਕੱਢੇ ਹੋਏ ਹਨ। ਉਧਰ ਸਰਕਾਰੀ ਤੇ ਗ਼ੈਰ ਸਰਕਾਰੀ ਮੌਸਮ ਮਾਹਿਰਾਂ ਵੱਲੋਂ ਕੀਤੀ ਗਈ ਪੇਸ਼ੀਨਗੋਈ ਮੌਜੂਦਾ ਹਾਲਾਤ ਤੋਂ ਛੁਟਕਾਰਾ ਦਿਵਾਉਣ ਵਾਲੀ ਨਹੀਂ। ਮਾਹਿਰਾਂ ਦਾ ਤਕਾਜ਼ਾ ਹੈ ਕਿ ਇੱਕ ਹਲਕੇ ਜਿਹੇ ਪੱਛਮੀ ਸਿਸਟਮ ਦੀ ਆਮਦ ਭਾਵੇਂ ਦਰਾਂ 'ਤੇ ਹੈ ਪਰ 20 ਜੁਲਾਈ ਤੱਕ ਇਸ ਤੋਂ ਕਿਤੇ-ਕਤਾਈਂ ਮੀਂਹ ਦੀਆਂ ਟੁੱਟਵੀਆਂ ਕਾਰਵਾਈਆਂ ਦੀ ਹੀ ਉਮੀਦ ਹੈ। ਸਰਕਾਰੀ ਏਜੰਸੀ ਆਈਐਮਡੀ ਮੁਤਾਬਿਕ 17 ਅਤੇ 18 ਜੁਲਾਈ ਨੂੰ ਪੰਜਾਬ ਦੇ ਪਹਾੜੀ ਖੇਤਰਾਂ ਨਾਲ ਲੱਗਦੇ ਕੁਝ ਜ਼ਿਲ੍ਹਿਆਂ 'ਚ ਭਰਵਾਂ ਮੀਂਹ ਪੈਣ ਦੀ ਆਸ ਕੀਤੀ ਜਾ ਸਕਦੀ ਹੈ। ਮਾਲਵਾ ਖੇਤਰ ਇਸ ਸਿਸਟਮ ਦੀ ਦਸਤਕ ਨਾ-ਉਮੀਦੀ ਹੀ ਜ਼ਾਹਿਰ ਕਰਦੀ ਹੈ। ਮਾਹਿਰਾਂ ਦੀ ਧਰਵਾਸ ਭਰੀ ਖ਼ਬਰ ਇਹ ਵੀ ਹੈ ਕਿ 22 ਜੁਲਾਈ ਤੋਂ ਇੱਕ ਹੋਰ ਪੱਛਮੀ ਸਿਸਟਮ ਪੰਜਾਬ 'ਚ ਦਾਖ਼ਲਾ ਹੋਵੇਗਾ

# ਭਾਈ ਅੰਮ੍ਰਿਤਪਾਲ ਸਿੰਘ ਦੇ ਭਰਾ ਤੋਂ ਮੁੜ ਕੀਤੀ ਜਾਵੇਗੀ ਪੁੱਛਗਿੱਛ: ਕਸਟਡੀ ਲਈ ਪੁਲਿਸ ਨੇ ਜਲੰਧਰ ਸੈਸ਼ਨ ਕੋਰਟ ਚ ਅਰਜ਼ੀ ਕੀਤੀ ਦਾਖ਼ਲ



ਜਲੰਧਰ( ਲੋਕ ਬਾਣੀ) ਪੁਲਿਸ ਵੱਲੋਂ ਨਸ਼ੀਲੇ ਪਦਾਰਥਾਂ ਸਮੇਤ ਫੜੇ ਗਏ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਹੈਪੀ ਅਤੇ ਉਸ ਦੇ ਦੋਸਤ ਲਵਪ੍ਰੀਤ ਤੋਂ ਜਲੰਧਰ ਪੁਲਿਸ ਪੁੱਛਗਿੱਛ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਦੇ ਲਈ ਪੁਲੀਸ ਵੱਲੋਂ ਅਦਾਲਤ ਵਿੱਚ ਰਿਵੀਜ਼ਨ ਅਰਜ਼ੀ ਦਾਇਰ ਕੀਤੀ ਗਈ ਹੈ।

ਪੁਲਿਸ ਨੇ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਉਨ੍ਹਾਂ ਨੂੰ ਮੁਲਜ਼ਮਾਂ ਤੋਂ ਵਿਸਥਾਰ ਨਾਲ ਪੁੱਛਗਿੱਛ ਕਰਨੀ ਹੈ। ਕਿਉਂਕਿ ਮਾਮਲੇ ਚ ਅਜੇ ਤੱਕ ਕਈ ਗੱਲਾਂ ਸਪੱਸ਼ਟ ਨਹੀਂ ਹਨ। ਹੁਣ ਇਸ ਮਾਮਲੇ ਦੀ ਸੁਣਵਾਈ 19 ਜੁਲਾਈ ਨੂੰ ਹੋਵੇਗੀ।

ਪੁਲਿਸ ਵੱਲੋਂ ਦਾਇਰ ਪਟੀਸ਼ਨ ਚ ਕਿਹਾ ਗਿਆ ਹੈ ਕਿ ਅਜੇ ਵੀ ਕਈ ਨੁਕਤਿਆਂ ਤੇ ਜਾਂਚ ਚੱਲ ਰਹੀ ਹੈ। ਮੁਲਜ਼ਮਾਂ ਤੋਂ ਪਤਾ ਲਗਾਉਣਾ ਹੋਵੇਗਾ ਕਿ ਉਹ ਕਦੋਂ ਤੋਂ ਨਸ਼ਾ ਲੈ ਰਹੇ ਸਨ। ਨਾਲ ਹੀ, ਉਹ ਨਸ਼ੇ ਕਿੱਥੋਂ ਖਰੀਦਦੇ ਸਨ ? ਨਸ਼ਿਆਂ ਲਈ ਪੈਸਾ ਕਿੱਥੋਂ ਆਇਆ ? ਪੁਲਿਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ

# ਪੰਜਾਬ ਚ ਅੱਧਾ ਕਿੱਲੋ ਹੈਰੋਇਨ ਸਮੇਤ ਪੁਲਿਸ ਮੁਲਾਜ਼ਮ ਗ੍ਰਿਫਤਾਰ



ਮੁਹਾਲੀ ( ਲੋਕ ਬਾਣੀ)ਐਸਟੀਐਫ ਨੇ ਫਰੀਦਕੋਟ ਜ਼ਿਲ੍ਹੇ ਦੀ ਪੁਲੀਸ ਲਾਈਨ ਵਿੱਚ ਤਾਇਨਾਤ ਇੱਕ ਪੁਲੀਸ ਮੁਲਾਜ਼ਮ ਅਤੇ ਉਸ ਦੀ ਮਹਿਲਾ ਸਾਥੀ ਨੂੰ ਅੱਧਾ ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਪੁਲੀਸ ਮੁਲਾਜ਼ਮ ਕੁਝ ਸਮਾਂ ਪਹਿਲਾਂ ਬਹਾਲ ਹੋ ਕੇ ਫਰੀਦਕੋਟ ਪੁਲੀਸ ਲਾਈਨ ਵਿੱਚ ਤਾਇਨਾਤ ਸੀ। ਫੜੇ ਗਏ ਮੁਲਜ਼ਮ ਦਾ ਨਾਂ ਗੁਰਪ੍ਰੀਤ ਸਿੰਘ ਅਤੇ ਔਰਤ ਦਾ ਨਾਂ ਨਵਕਿਰਨ ਕੌਰ ਹੈ।

ਫਿਲਹਾਲ ਪੁਲਿਸ ਅਧਿਕਾਰੀ ਉਕਤ ਮਾਮਲੇ ਦੀ ਪੁਸ਼ਟੀ ਕਰ ਰਹੇ ਹਨ। ਇਸ ਮਾਮਲੇ ਵਿੱਚ ਇੱਕ ਹੋਰ ਮੁਲਜ਼ਮ ਦੀ ਗ੍ਰਿਫ਼ਤਾਰੀ ਬਾਕੀ ਹੈ। ਪੁਲਿਸ ਕਾਨਫਰੰਸ ਦੌਰਾਨ ਘਟਨਾ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਈ ਉਪਰਾਲੇ ਕੀਤੇ ਜਾ ਰਹੇ ਹਨ। ਪੁਲਿਸ ਵਿਭਾਗ ਦੇ ਆਧੁਨਿਕੀਕਰਨ ਦੇ ਨਾਲ-ਨਾਲ ਲੰਬੇ ਸਮੇਂ ਤੋਂ ਇੱਕੋ ਥਾਣੇ ਜਾਂ ਜ਼ਿਲ੍ਹੇ ਵਿੱਚ ਤਾਇਨਾਤ ਪੁਲਿਸ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੇ ਵੱਡੇ ਪੱਧਰ ਤੇ ਤਬਾਦਲੇ ਕੀਤੇ ਜਾ ਰਹੇ ਹਨ।

# ਪੇਪਰ ਲੀਕ ਮਾਮਲੇ ਚ ਵੱਡੀ ਕਾਰਵਾਈ, 329 ਨੇ ਪਟਨਾ ਏਮਜ਼ ਦੇ ਤਿੰਨ ਵਿਦਿਆਰਥੀਆਂ ਤੋਂ ਕੀਤੀ ਪੁੱਛਗਿੱਛ




ਲੁਧਿਆਣਾ ( ਲੋਕ ਬਾਣੀ) ਰਾਸ਼ਟਰੀ ਯੋਗਤਾ ਕਮ ਦਾਖਲਾ ਪ੍ਰੀਖਿਆ-ਗ੍ਰੈਜੂਏਟ (©55"-"7) ਪ੍ਰਸ਼ਨ ਪੱਤਰ ਲੀਕ ਮਾਮਲੇ ਵਿੱਚ ਏਮਜ਼ ਪਟਨਾ ਦੇ ਤਿੰਨ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਅਤੇ ਪੁੱਛਗਿੱਛ ਕੀਤੀ ਹੈ। ਜਿਨ੍ਹਾਂ ਵਿਦਿਆਰਥੀਆਂ ਤੋਂ ਪੁੱਛਗਿੱਛ ਕੀਤੀ ਗਈ ਹੈ, ਉਨ੍ਹਾਂ ਬਾਰੇ ਫਿਲਹਾਲ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਨੇ ਮੰਗਲਵਾਰ ਨੂੰ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਜਮਸ਼ੇਦਪੁਰ ਦੇ 2017 ਬੈਚ ਦੇ ਸਿਵਲ ਇੰਜੀਨੀਅਰ ਪੰਕਜ ਕੁਮਾਰ ਉਰਫ ਆਦਿਤਿਆ ਨੂੰ ਗ੍ਰਿਫਤਾਰ ਕੀਤਾ ਸੀ। ਦੋਸ਼ ਹੈ ਕਿ ਕੁਮਾਰ ਨੇ ਹਜ਼ਾਰੀਬਾਗ ਵਿੱਚ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਦੇ ਟਰੰਕ ਤੋਂ ©55"-"7 ਪ੍ਰਸ਼ਨ ਪੱਤਰ ਚੋਰੀ ਕੀਤਾ ਸੀ
ਅਧਿਕਾਰੀਆਂ ਮੁਤਾਬਕ ਬੋਕਾਰੋ ਦੇ ਰਹਿਣ ਵਾਲੇ ਕੁਮਾਰ ਨੂੰ ਪਟਨਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੀਬੀਆਈ ਨੇ ਰਾਜੂ ਸਿੰਘ ਨਾਂ ਦੇ ਵਿਅਕਤੀ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜਿਸ ਨੇ ਕਾਗਜ਼ ਚੋਰੀ ਕਰਨ ਵਿੱਚ ਕੁਮਾਰ ਦੀ ਕਥਿਤ ਮਦਦ ਕੀਤੀ ਸੀ। ਸਿੰਘ ਨੂੰ ਹਜ਼ਾਰੀਬਾਗ ਤੋਂ ਗ੍ਰਿਫਤਾਰ ਕੀਤਾ ਗਿਆ। ਮੈਡੀਕਲ ਦਾਖ਼ਲਾ ਪ੍ਰੀਖਿਆ ਵਿੱਚ ਕਥਿਤ ਬੇਨਿਯਮੀਆਂ ਦੀ ਜਾਂਚ ਕਰ ਰਹੀ ਸੀਬੀਆਈ ਨੇ ਛੇ ਐਫਆਈਆਰ ਦਰਜ ਕੀਤੀਆਂ ਹਨ। ਬਿਹਾਰ ਵਿੱਚ ਦਰਜ ਐਫਆਈਆਰ ਪ੍ਰਸ਼ਨ ਪੱਤਰ ਲੀਕ ਨਾਲ ਸਬੰਧਤ ਹੈ, ਜਦੋਂ ਕਿ ਗੁਜਰਾਤ, ਰਾਜਸਥਾਨ ਅਤੇ ਮਹਾਰਾਸ਼ਟਰ ਵਿੱਚ ਦਰਜ ਬਾਕੀ ਐਫਆਈਆਰ ਉਮੀਦਵਾਰਾਂ ਨਾਲ ਧੋਖਾਧੜੀ ਅਤੇ ਨਕਲ ਕਰਨ ਨਾਲ ਸਬੰਧਤ ਹਨ।

# ਅੰਮ੍ਰਿਤਸਰ ਦੀ ਅਦਾਲਤ ਚ ਪੇਸ਼ ਹੋਏ ਬਿਕਰਮ ਮਜੀਠੀਆ, SIT ਨੇ 20 ਨੂੰ ਮੁੜ ਕੀਤਾ ਤਲਬ




ਅੰਮ੍ਰਿਤਸਰ: ( ਲੋਕ ਬਾਣੀ) ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੀਰਵਾਰ ਨੂੰ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੇਸ਼ ਹੋਏ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦੋਸ਼ ਲਗਾਉਂਦੇ ਹੋਏ ਉਨ੍ਹਾਂ ਕਿਹਾ ਕਿ ਐੱਸਆਈਟੀ ਨੇ ਜਾਣਬੁੱਝ ਕੇ ਮੁੱਖ ਮੰਤਰੀ ਦੇ ਕਹਿਣ ਤੇ 18 ਜੁਲਾਈ ਨੂੰ ਸੰਮਨ ਭੇਜੇ ਹਨ। ਇਸ ਦੇ ਨਾਲ ਹੀ ਅੱਜ ♥9" ਨੇ ਬਿਕਰਮ ਮਜੀਠੀਆ ਨੂੰ ਡਰੱਗਜ਼ ਮਾਮਲੇ ਚ 20 ਜੁਲਾਈ ਨੂੰ ਮੁੜ ਤਲਬ ਕੀਤਾ ਹੈ। ਬਿਕਰਮ ਮਜੀਠੀਆ ਨੇ ਕਿਹਾ ਕਿ ਵਕੀਲਾਂ ਅਤੇ ਮਾਹਿਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਉਨ੍ਹਾਂ ਮਹਿਸੂਸ ਕੀਤਾ ਕਿ ਅੰਮ੍ਰਿਤਸਰ ਅਦਾਲਤ ਵਿੱਚ ਪੇਸ਼ ਹੋਣਾ ਜ਼ਿਆਦਾ ਜ਼ਰੂਰੀ ਹੈ। ਅਦਾਲਤ ਨੇ ਹੁਣ ਅਗਲੀ ਤਰੀਕ 17 ਅਗਸਤ ਤੈਅ ਕੀਤੀ ਹੈ।

ਉਨ੍ਹਾਂ ਕਿਹਾ ਕਿ ਐੱਸਆਈਟੀ ਸੀਐੱਮ ਭਗਵੰਤ ਮਾਨ ਦੇ ਹੱਥਾਂ ਦੀ ਕਠਪੁਤਲੀ ਬਣ ਗਈ ਹੈ। ਗ੍ਰਹਿ ਮੰਤਰਾਲਾ ਭਗਵੰਤ ਮਾਨ ਕੋਲ ਹੈ ਅਤੇ ਪੁਲਿਸ ਅਧਿਕਾਰੀਆਂ ਦੇ ਤਬਾਦਲਿਆਂ ਦੀ ਜ਼ਿੰਮੇਵਾਰੀ ਵੀ ਭਗਵੰਤ ਮਾਨ ਕੋਲ ਹੈ। ਉਨ੍ਹਾਂ ਦੀ ਜਾਂਚ ਡੀਜੀਪੀ ਪੱਧਰ ਤੋਂ ਸ਼ੁਰੂ ਹੋਈ ਸੀ ਅਤੇ ਹੁਣ ਜਾਂਚ ਇੰਸਪੈਕਟਰ ਪੱਧਰ ਤੱਕ ਪਹੁੰਚ ਗਈ ਹੈ।

# ਪਹਿਰੇਦਾਰ ਦੇ ਮੁੱਖ ਸੰਪਾਦਕ ਜਸਪਾਲ ਸਿੰਘ ਹੇਰਾਂ ਨਹੀਂ ਰਹੇ



ਜਗਰਾਉ, ( ਲੋਕ ਬਾਣੀ) ਸਿੱਖ ਕੌਮ ਦੇ ਨਿਧੱੜਕ ਯੋਧੇ, ਨਿੱਰਪੱਖ ਕਲਮ ਦੇ ਧਨੀ ਕੌਮ ਦੇ ਹੀਰੇ , ਪੰਜਾਬੀ ਅਖਬਾਰ ਰੋਜ਼ਾਨਾ ਪਹਿਰੇਦਾਰ ' ਦੇ ਮੁੱਖ ਸੰਪਾਦਕ ਅਤੇ ਪੰਜਾਬ ਯੂਨੀਅਨ ਆਫ ਜਰਨਲਿਸਟ ਦੇ ਸੂਬਾ ਪ੍ਰਧਾਨ ਸ੍ਰ. ਜਸਪਾਲ ਸਿੰਘ ਹੇਰਾਂ ਨਹੀ ਰਹੇ। ਉਨ੍ਹਾਂ ਨੇ ਆਪਣੇ ਆਖਰੀ ਸਵਾਸ ਮੈਕਸ ਹਸਪਤਾਲ ਮੋਹਾਲੀ ਵਿਖੇ ਕੁਝ ਸਮਾ ਪਹਿਲਾ ਲਏ, ਸ. ਜਸਪਾਲ ਸਿੰਘ ਹੇਰਾਂ ਕਾਫੀ ਸਮੇ ਤੌਂ ਬੀਮਾਰ ਚਲੇ ਆ ਰਹੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 19 ਜੁਲਾਈ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ਼ੇਰਪੁਰ ਰੋਡ ਜਗਰਾਓਂ ( ਸਾਹਮਣੇ ਨਵੀਂ ਦਾਣਾ ਮੰਡੀ) ਵਿਖੇ ਕੀਤਾ ਜਾਵੇਗਾ । ਇਸ ਸਮੇਂ ਪਰਿਵਾਰ ਨਾਲ ਸਿਆਸੀ, ਧਾਰਮਿਕ ਜਥੇਬੰਦੀਆ, ਗੈਰ ਸਿਆਸੀ ਤੇ ਪੱਤਰਕਾਰ ਭਾਈਚਾਰੇ ਨੇ ਪਰਿਵਾਰ ਨਾਲ ਦੁੱਖ ਸਾਝਾ ਕੀਤਾ।

# ਦਿਵਿਆਂਗਜਨਾ ਦੇ ਨੈਸ਼ਨਲ ਅਵਾਰਡ-2024 ਲਈ www.awards.gov.in ਵੈਬਸਾਈਟ 'ਤੇ 31 ਜੁਲਾਈ ਤੱਕ ਕੀਤਾ ਜਾ ਸਕਦਾ ਹੈ ਆਨਲਾਈਨ ਅਪਲਾਈ :ਡਿਪਟੀ ਕਮਿਸ਼ਨਰ




ਸ਼ਹੀਦ ਭਗਤ ਸਿੰਘ ਨਗਰ (ਰਮੇਸ਼ ਸ਼ਰਮਾ/ਮਨਪ੍ਰੀਤ ਵਾਸੂ)ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲਾ, ਦਿਵਿਆਂਗਜ ਵਿਅਕਤੀਆਂ ਦੇ ਸਸ਼ਕਤੀਕਰਨ ਵਿਭਾਗ, ਨਵੀਂ ਦਿੱਲੀ ਵਲੋਂ ਜਾਰੀ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਦਿਵਿਆਂਗਜਨਾ ਦੇ ਨੈਸ਼ਨਲ ਅਵਾਰਡ 2024 ਦੀਆਂ ਅਰਜ਼ੀਆਂ ਕੇਵਲ ਆਨ-ਲਾਈਨ ਭਰਨ ਲਈ ਆਖਰੀ ਮਿਤੀ 31 ਜੁਲਾਈ 2024 ਹੈ। ਯੋਗ ਉਮੀਦਵਾਰ ਸਿੱਧੇ ਤੌਰ ਤੇ www.awards.gov.in ਤੇ ਆਨਲਾਈਨ ਅਪਲਾਈ ਕਰ ਸਕਦੇ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦਿਵਿਆਂਗਜਨਾਂ ਲਈ ਨੈਸ਼ਨਲ ਅਵਾਰਡ ਸਾਲ 2024 ਸਬੰਧੀ ਵੱਧ ਤੋਂ ਵੱਧ ਅਰਜੀਆਂ ਆਨਲਾਈਨ ਭਰਵਾਉਣ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜ਼ਿਲ੍ਹੇ ਦੀਆਂ ਸਮੂਹ ਐਨ.ਜੀ.ਓਜ਼ ਨੂੰ ਪ੍ਰੇਰਿਤ ਕਰਨ ਅਤੇ ਜਾਗਰੂਕ ਕਰਨ ਤਾਂ ਜੋ ਵੱਧ ਤੋਂ ਵੱਧ ਦਿਵਿਆਂਗਜਨ ਵਿਅਕਤੀ ਨੈਸ਼ਨਲ ਅਵਾਰਡ 2024 ਲਈ ਅਪਲਾਈ ਕਰ ਸਕਣ ਅਤੇ ਨਿਯਮਾਂ ਅਨੁਸਾਰ ਨੈਸ਼ਨਲ ਅਵਾਰਡ 2024 ਪ੍ਰਾਪਤ ਕਰ ਸਕਣ। ਦਿਵਿਆਂਗਜਨਾਂ ਦੇ ਨੈਸ਼ਨਲ ਅਵਾਰਡ 2024 ਦੀਆਂ ਸਬੰਧੀ ਗਾਈਡਲਾਈਨਜ਼ ਅਤੇ ਪ੍ਰੋਫਾਰਮਾ (www.depwd.gov.in) ਅਤੇ (www.awards.gov.in) ਉੱਤੇ ਉਪਲਬੱਧ ਹਨ। ਉਨ੍ਹਾਂ ਦੱਸਿਆ ਕਿ ਨੈਸ਼ਨਲ ਅਵਾਰਡ ਲਈ ਅਰਜ਼ੀਆਂ ਕੇਵਲ ਆਨਲਾਈਨ ਭਰਨ ਲਈ ਮਿਤੀ 15 ਜੂਨ ਤੋਂ ਲੈ ਕੇ 31 ਜੁਲਾਈ 2024 ਤੱਕ ਹੈ।

# ਕਿਸਾਨ ਦਿੱਲੀ ਧਰਨਾ ਦੇਣ ਨਹੀਂ, ਗ੍ਰਾਂਟਾਂ ਲੈਣ ਜਾਣ

## ਕਿਸਾਨ ਗੁਰੂਕੁਲ ਦੀ ਟੀਮ ਪੰਜਾਬ ਦੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਤਿਆਰ - ਧਾਲੀਵਾਲ




ਲੁਧਿਆਣਾ (ਵਰਿੰਦਰ ਪ੍ਰਕਾਸ਼ ਭਾਂਬਰੀ ):ਪ੍ਰਧਾਨ ਮੰਤਰੀ ਲਘੂ ਫੂਡ ਪ੍ਰੋਸੈਸਿੰਗ ਇਕਾਈਆਂ ਦੀ ਵਿਧੀਵੱਧ ਯੋਜਨਾ ਤਹਿਤ ਸਰਕਾਰ ਵੱਲੋਂ ਫੂਡ ਪ੍ਰੋਸੈਸਿੰਗ ਇਕਾਈਆਂ ਸਥਾਪਿਤ ਕਰਨ ਲਈ 35 ਫੀਸਦੀ ਸਬਸਿਡੀ ਦੀ ਸਹੂਲਤ ਦਿੱਤੀ ਜਾ ਰਹੀ ਹੈ।ਇਸ ਲਈ ਵਿਅਕਤੀਗਤ ਇਕਾਈਆਂ, ਭਾਈਵਾਲੀ ਵਾਲੀਆਂ ਇਕਾਈਆਂ ਆਦਿ ਨੂੰ 35 ਫੀਸਦੀ ਸਬਸਿਡੀ ਯੂਨਿਟ ਦੀ ਉਸਾਰੀ ਅਤੇ ਮਸ਼ੀਨਾਂ ਦੇ ਖਰਚ ਅਨੁਸਾਰ ਮਿਲਣਯੋਗ ਹੈ।ਭਾਜਪਾ ਪੰਜਾਬ ਦੇ ਬੁਲਾਰੇ ਤੇ ਕਿਸਾਨ ਗੁਰੂਕੁਲ ਦੇ ਚੇਅਰਮੈਨ ਕੁਲਦੀਪ ਸਿੰਘ ਧਾਲੀਵਾਲ ਕੇਂਦਰੀ ਰੇਲਵੇ ਤੇ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਮਿਲ ਕੇ ਪੰਜਾਬ ਦੀ ਕਿਸਾਨੀ ਮਸਲਿਆਂ ਤੇ ਵਿਚਾਰ ਕੀਤੇ।ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਕਿਸਾਨਾਂ ਨੂੰ ਫੂਡ ਪ੍ਰੋਸੈਸਿੰਗ ਉਦਯੋਗ ਲਗਾਉਣ ਲਈ ਵਿਚਾਰ ਕੀਤੇ ਗਏ ਤੇ ਉਹਨਾਂ ਦੱਸਿਆ ਕਿ ਕਿਸਾਨ ਕਿਨੂੰ, ਲੀਚੀ, ਨਿੰਬੂ, ਅਮਰੂਦ, ਅੰਜੀਰ ਦੀ ਪ੍ਰੋਸੈਸਿੰਗ, ਹਲਦੀ, ਗੁੜ, ਆਚਾਰ ਤੇ ਮੁਰੱਬਾ, ਟਮਾਟਰ ਸੌਸ, ਆਲੂ ਦੇ ਉਤਪਾਦ, ਮਿਰਚ ਦੀ ਚਟਣੀ, ਬੇਕਰੀ ਉਤਪਾਦ, ਆਟਾ ਚੱਕੀ, ਸ਼ਹਿਦ, ਮੀਟ ਅਤੇ ਪੋਲਟਰੀ ਪ੍ਰੋਡਕਟਸ, ਕੈਟਲ ਫੀਡ, ਮਸਾਲਾ ਚੱਕੀ, ਕੋਹਲੂ, ਮੱਕੀ ਦਾ ਅਚਾਰ, ਫਲਾਂ ਨੂੰ ਸੁਕਾਉਣ ਦਾ ਯੂਨਿਟ ਆਦਿ ਨਾਲ ਸਬੰਧਤ ਪ੍ਰੋਸੈਸਿੰਗ ਯੂਨਿਟ ਲਗਾਉਣ ਲਈ ਇਸ ਸਕੀਮ ਦਾ ਲਾਭ ਮਿਲ ਸਕਦਾ ਹੈ। ਧਾਲੀਵਾਲ ਨੇ ਕਿਹਾ ਕਿ ਕਿਸਾਨ ਗੁਰੂਕੁਲ ਦੀ ਟੀਮ ਪੰਜਾਬ ਦੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਤਿਆਰ ਹੈ। ਧਾਲੀਵਾਲ ਨੇ ਦੱਸਿਆ ਕਿ ਜੇਕਰ ਐਫ਼. ਪੀ. ਓ. ਜਾਂ ਸਵੈ ਸਹਾਇਤਾ ਸਮੂਹ ਇਸ ਤਰ੍ਹਾਂ ਦੇ ਫੂਡ ਪ੍ਰੋਸੈਸਿੰਗ ਯੂਨਿਟ ਲਗਾਉਣਾ ਚਾਹੁੰਦੇ ਹੋਣ ਤਾਂ 3 ਕਰੋੜ ਰੁਪਏ ਤੱਕ ਦੀ ਸਬਸਿਡੀ ਮਿਲ ਸਕਦੀ ਹੈ।ਉਹਨਾਂ ਦੱਸਿਆ ਕਿ ਇਸ ਤੋਂ ਬਿਨ੍ਹਾਂ ਇਸ ਸਕੀਮ ਤਹਿਤ ਲਾਭ ਲੈਣ ਵਾਲਿਆਂ ਨੂੰ ਐਗਰੀਕਲਚਰ ਇਨਫਰਾਸਟਰਕਚਰ ਫੰਡ ਤਹਿਤ ਵਿਆਜ 'ਤੇ 3 ਫੀਸਦੀ ਦੀ ਛੋਟ ਵੀ ਮਿਲਣਯੋਗ ਹੈ। ਧਾਲੀਵਾਲ ਨੇ ਦੱਸਿਆ ਕਿ ਪੰਜਾਬ ਦੇ ਕਿਸਾਨ ਹੁਣ ਦਿੱਲੀ ਧਰਨਾ ਨਹੀ ਸਗੋਂ ਗ੍ਰਾਂਟਾਂ ਲੈਣ ਜਾਣਗੇ।

# ਮੋਬਾਇਲ ਖੋਹ ਕੇ ਚੋਰ ਹੋਇਆ ਰਫੂ ਚੱਕਰ




ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਇੱਥੋਂ ਦੇ ਰਵਿਦਾਸ ਚੌਂਕ ਲਾਗਿਓਂ ਫੋਨ ਤੇ ਗੱਲ ਕਰ ਰਹੇ ਇੱਕ ਨੌਜੁਆਨ ਤੋਂ ਮੋਬਾਇਲ ਖੋਹ ਕੇ ਚੋਰ ਮੋਟਰਸਾਇਕਲ ਤੇ ਰੱਫੂ ਚੱਕਰ ਹੋ ਗਿਆ। ਰਹੁਲ ਸਿੰਘ ਪੁੱਤਰ ਸਤਪਾਲ ਸਿੰਘ, ਵਾਸੀ ਗੁਰਦੁਆਰਾ ਸੀਸਗੰਜ ਸਾਹਿਬ ਨੇ ਦੱਸਿਆ ਕਿ ਉਹ ਬੇਦੀ ਕਮਿਊਨੀਕੇਸ਼ਨ ਵਿਖੇ ਕੰਮ ਕਰਦਾ ਹੈ। ਤੇ ਉਸ ਨੇ 11 ਜੂਨ ਨੂੰ ਓਪੋ ਵਨ ਪਲੱਸ ਮੋਬਾਇਲ ਖਰੀਦਿਆ ਸੀ।ਜਿਸ ਦੀ ਕੀਮਤ ਲਗਭਗ 22 ਹਜਾਰ ਹੈ। ਤੇ ਉਹ 30 ਜੂਨ ਨੂੰ ਸ਼ਾਮੀ ਰਵਿਦਾਸ ਚੌਂਕ ਵਿਖੇ ਖੜ ਕੇ ਫੋਨ ਤੇ ਗੱਲ ਕਰ ਰਿਹਾ ਸੀ ਕਿ ਇੱਕ ਝਪਟਮਾਰ ਮੋਟਰਸਾਇਕਲ ਤੇ ਆਇਆ ਤੇ ਉਸ ਦਾ ਫੋਨ ਖੋਹ ਕੇ ਕਚਿਹਰੀ ਸ਼ੜਕ ਵੱਲ ਨੂੰ ਰੱਫੂ ਚੱਕਰ ਹੋ ਗਿਆ। ਚੋਰੀ ਦੀ ਸੂਚਨਾ ਸਥਾਨਕ ਪੁਲਿਸ ਨੂੰ ਦੇ ਦਿੱਤੀ ਗਈ ਹੈ। ਉਹਨਾ ਮੰਗ ਕੀਤੀ ਕਿ ਉਹ ਬਹੁਤ ਗਰੀਬ ਆਦਮੀ ਹੈ ਤੇ ਰਾਸ਼ੀ ਜੋੜ ਕੇ ਮੋਬਾਇਲ ਖਰੀਦਿਆ ਸੀ। ਤੇ ਛੇਤੀ ਤੋਂ ਛੇਤੀ ਚੋਰਾਂ ਨੂੰ ਫੜ ਕੇ ਉਸ ਨਾਲ ਇਨਸਾਫ ਕੀਤਾ ਜਾਵੇ।

# ਜੁਗਲ ਬਵੇਜਾ ਦੀ ਅਗਵਾਈ 'ਚ ਲਾਇਨਜ਼ ਕਲੱਬ ਫਗਵਾੜਾ ਸਿਟੀ ਨੇ ਕਰਵਾਇਆ ਮਹੀਨਾਵਾਰ ਪੈਨਸ਼ਨ ਵੰਡ ਸਮਾਗਮ

## ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਕਰਵਾਈ ਅਰੰਭਤਾ






ਫਗਵਾੜਾ (ਜੀਵਨ ਸੰਘਾ) ਸ਼ਹਿਰ ਦੀ ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਵਲੋਂ ਮਹੀਨਾਵਾਰ ਪੈਨਸ਼ਨ ਵੰਡ ਸਮਾਗਮ ਕਲੱਬ ਪ੍ਰਧਾਨ ਲਾਇਨ ਜੁਗਲ ਬਵੇਜਾ ਦੀ ਅਗਵਾਈ ਹੇਠ ਲਾਇਨਜ ਇੰਟਰਨੈਸ਼ਨਲ 321-ਡੀ ਦੇ ਰਿਜਨ ਚੇਅਰਮੈਨ ਆਸ਼ੂ ਮਾਰਕੰਡਾ ਦੇ ਦਫਤਰ ਚਿਰਾਗ ਐਸੋਸੀਏਟਸ ਸੁਭਾਸ਼ ਨਗਰ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿਚ ਬਤੌਰ ਮੁੱਖ ਮਹਿਮਾਨ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਸੀਨੀਅਰ ਆਪ ਆਗੂ ਦਲਜੀਤ ਸਿੰਘ ਰਾਜੂ ਦਰਵੇਸ਼ ਪਿੰਡ, ਨੌਜਵਾਨ ਆਗੂ ਹਰਨੂਰ ਸਿੰਘ ਹਰਜੀ ਮਾਨ ਤੋਂ ਇਲਾਵਾ ਲਾਇਨਜ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ, ਸਮਾਜ ਸੇਵਕ ਤਜਿੰਦਰ ਬਾਵਾ, ਬੱਬੂ ਮਨੀਲਾ ਤੇ ਅਸ਼ੋਕ ਵਧਵਾ ਨੇ ਹਾਜਰੀ ਲਗਵਾਈ। ਡਾ. ਰਾਜਕੁਮਾਰ ਚੱਬੇਵਾਲ ਨੇ ਲੋੜਵੰਦ ਔਰਤਾਂ ਨੂੰ ਪੈਨਸ਼ਨ ਦੇ ਨਾਲ ਆਟੇ ਦੀ ਥੈਲੀ ਭੇਂਟ ਕਰਨ ਦੀ ਆਰੰਭਤਾ ਕਰਵਾਈ। ਉਪਰੰਤ ਉਹਨਾਂ ਕਲੱਬ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਆਪਣੇ ਵਲੋਂ ਹਰ ਸੰਭਵ ਸਹਿਯੋਗ ਕਲੱਬ ਨੂੰ ਦੇਣ ਦਾ ਭਰੋਸਾ ਦਿੱਤਾ। ਕਲੱਬ ਪ੍ਰਧਾਨ ਲਾਇਨ ਜੁਗਲ ਬਵੇਜਾ ਨੇ ਦੱਸਿਆ ਕਿ ਪੈਨਸ਼ਨ ਦੇ ਨਾਲ ਆਟੇ ਦੀ ਥੈਲੀ ਭੇਂਟ ਕਰਨ ਦਾ ਇਹ ਪ੍ਰੋਜੈਕਟ ਬਤੌਰ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਵਲੋਂ ਸ਼ੁਰੂ ਕੀਤਾ ਗਿਆ ਸੀ। ਜੋ ਕਿ ਹੁਣ ਰਿਜਨ ਚੇਅਰਮੈਨ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਹਨਾਂ ਦੱਸਿਆ ਕਿ ਪੈਨਸ਼ਨ ਵੰਡਣ ਦਾ ਅੱਜ 13ਵਾਂ ਲੜੀਵਾਰ ਪ੍ਰੋਜੈਕਟ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਗਿਆ ਹੈ। ਜਿਸ ਦੀ ਸਫਲਤਾ ਲਈ ਉਹ ਸਮੂਹ ਪਤਵੰਤਿਆਂ ਅਤੇ ਸਹਿਯੋਗੀਆਂ ਦੇ ਧੰਨਵਾਦੀ ਹਨ। ਰਿਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਨੇ ਭਰੋਸਾ ਜਤਾਇਆ ਕਿ ਕਲੱਬ ਦੀ ਨਵੀਂ ਟੀਮ ਵਲੋਂ ਇਸ ਪ੍ਰੋਜੈਕਟ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ। ਡਿਸਟ੍ਰਿਕਟ ਚੇਅਰਮੈਨ ਲਾਇਨ ਗੁਰਦੀਪ ਸਿੰਘ ਕੰਗ, ਸਮਾਜ ਸੇਵਕ ਤੇਜਿੰਦਰ ਬਾਵਾ, ਬੱਬੂ ਮਨੀਲਾ ਅਤੇ ਅਸ਼ੋਕ ਵਧਵਾ ਨੇ ਵੀ ਲਾਇਨਜ ਕਲੱਬ ਫਗਵਾੜਾ ਸਿਟੀ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਪ੍ਰੋਜੈਕਟਾਂ ਦੀ ਸ਼ਲਾਘਾ ਕੀਤੀ। ਕਲੱਬ ਵਲੋਂ ਮੁੱਖ ਮਹਿਮਾਨ ਡਾ. ਰਾਜਕੁਮਾਰ ਚੱਬੇਵਾਲ, ਗੈਸਟ ਆਫ ਆਨਰ ਦਲਜੀਤ ਸਿੰਘ ਰਾਜੂ ਦਰਵੇਸ਼ ਪਿੰਡ ਤੇ ਹਰਨੂਰ ਸਿੰਘ ਹਰਜੀ ਮਾਨ ਤੋਂ ਇਲਾਵਾ ਯੂਥ ਵਿੰਗ ਦੇ ਕੋਆਰਡੀਨੇਟਰ ਆਸ਼ੂ ਮੱਟੂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਸਰਪੰਚ ਪੰਡਵਾ, ਵਰੁਣ ਬੰਗੜ ਚੱਕ ਹਕੀਮ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਤੋਂ ਇਲਾਵਾ ਡਿਸਟ੍ਰਿਕਟ ਚੇਅਰਮੈਨ ਸੁਨੀਲ ਢੀਂਗਰਾ, ਡਿਸਟ੍ਰਿਕਟ ਚੇਅਰਮੈਨ ਅਤੁਲ ਜੈਨ, ਕਲੱਬ ਸਕੱਤਰ ਜਸਵੀਰ ਮਾਹੀ, ਕੈਸ਼ੀਅਰ ਸੁਮਿਤ ਭੰਡਾਰੀ, ਪੀ.ਆਰ.ਓ. ਵਿਪਨ ਠਾਕੁਰ, ਗੁਲਸ਼ਨ ਸ਼ਰਮਾ, ਵਿਜੇ ਅਰੋੜਾ, ਦਿਨੇਸ਼ ਖਰਬੰਦਾ, ਮਨੀਸ਼ ਕਨੌਜੀਆ, ਸ਼ਿਵ ਕਨੌਜੀਆ ਆਦਿ ਹਾਜਰ ਸਨ

# ਜੋਗਿੰਦਰ ਸਿੰਘ ਮਾਨ ਨੇ ਪਿੰਡ ਜਗਪਾਲਪੁਰ ਵਿਖੇ ਵਿਕਾਸ ਕਾਰਜਾਂ ਦੀ ਕਰਵਾਈ ਸ਼ੁਰੂਆਤ

## ਬੂਟੇ ਲਗਾਉਣ ਦੀ ਮੁਹਿਮ ਦਾ ਕਰਵਾਇਆ ਆਗਾਜ

ਫਗਵਾੜਾ (ਜੀਵਨ ਸੰਘਾ) ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਹਲਕੇ ਦੇ ਪਿੰਡ ਜਗਪਾਲਪੁਰ ਵਿਖੇ ਵੱਖ ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਾਰਵਾਈ। ਇਸ ਦੌਰਾਨ ਰਿਬਨ ਕੱਟਣ ਦੀ ਰਸਮ ਉਪਰੰਤ ਉਹਨਾਂ ਨੇ ਇੰਟਰਲਾਕ ਟਾਇਲਾਂ ਨਾਲ ਪੱਕੀਆਂ ਗਲੀਆਂ ਬਨਾਉਣ ਦਾ ਕੰਮ ਸ਼ੁਰੂ ਕਰਵਾਇਆ ਅਤੇ ਵਾਤਾਵਰਣ ਨੂੰ ਸਾਫ਼-ਸੁਥਰਾ ਤੇ ਸੁਰੱਖਿਅਤ ਰੱਖਣ ਦੇ ਉਦੇਸ਼ ਨਾਲ ਰੁੱਖ ਲਗਾਉਣ ਦੀ ਮੁਹਿਮ ਵੀ ਆਰੰਭੀ ਗਈ। ਜੋਗਿੰਦਰ ਮਾਨ ਨੇ ਸੰਬੋਧਨ ਕਰਦਿਆਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਜਗਪਾਲਪੁਰ ਦਾ ਸਰਬ ਪੱਖੀ ਵਿਕਾਸ ਕਰਵਾਇਆ ਜਾਵੇਗਾ। ਉਹਨਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਬਰਸਾਤ ਦੇ ਮੌਸਮ ਵਿਚ ਘਰਾਂ ਦੇ ਆਲੇ-ਦੁਆਲੇ, ਮੋਟਰਾਂ, ਖੇਤਾਂ ਦੇ ਕਿਨਾਰੇ, ਪਾਰਕਾਂ ਤੇ ਹੋਰ ਜਨਤਕ ਥਾਵਾਂ ਤੇ ਵੱਧ ਤੋਂ ਵੱਧ ਬੂਟੇ ਲਗਾ ਕੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਇਆ ਜਾਵੇ। ਇਸ ਦੌਰਾਨ ਉਹਨਾਂ ਨੇ ਪਿੰਡ ਦੇ ਪਤਵੰਤਿਆਂ ਦੇ ਨਾਲ ਨੌਜਵਾਨਾਂ ਨੂੰ ਮਿਆਰੀ ਸਿਹਤ ਦੇਣ ਲਈ ਬਣਾਈ ਜਿਮ ਦਾ ਦੌਰਾ ਵੀ ਕੀਤਾ ਅਤੇ ਨੌਜਵਾਨਾਂ ਨੂੰ ਚੰਗੀ ਸਿਹਤ ਲਈ ਰੋਜਾਨਾ ਕਸਰਤ ਕਰਨ ਲਈ ਪ੍ਰੇਰਿਆ। ਇਸ ਤੋਂ ਪਹਿਲਾਂ ਜੋਗਿੰਦਰ ਸਿੰਘ ਮਾਨ ਦਾ ਪਿੰਡ ਪੁੱਜ ‘ਤੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਜਤਿੰਦਰ ਸਿੰਘ ਜਿਲ੍ਹਾ ਯੂਥ ਮੀਤ ਪ੍ਰਧਾਨ, ਪਰਦੀਪ ਸਿੰਘ ਬਲਾਕ ਪ੍ਰਧਾਨ, ਹਰਮੇਸ਼ ਪਾਲ ਸਿੰਘ ਸਕੱਤਰ, ਸੁਖਦੇਵ ਸਿੰਘ ਸੋਸ਼ਲ ਮੀਡੀਆ ਇੰਚਾਰਜ, ਦਲਜੀਤ ਸਿੰਘ ਰਾਣੀਪੁਰ, ਦਲਜੀਤ ਸਿੰਘ ਬੱਬੂ, ਬਿੰਨੀ ਰਾਣੀਪੁਰ, ਹੀਰਾ ਸਿੰਘ, ਕੇਵਲ ਸਿੰਘ ਲੰਬੜ, ਅਵਤਾਰ ਸਿੰਘ ਲੰਬੜ, ਭੁਪਿੰਦਰ ਸਿੰਘ, ਹਰਿੰਦਰ ਸਿੰਘ, ਹਰਿੰਦਰ ਸਿੰਘ, ਜਸਕਰਨ ਸਿੰਘ, ਵਿੱਕੀ, ਭਿੰਦਾ, ਦੇਸਰਾਜ, ਜਗਦੀਸ਼ ਸ਼ਰਮਾ, ਪ੍ਰਕਾਸ਼ ਰਾਜ, ਮਨਵੀਰ ਸਿੰਘ, ਸਾਹਿਬ ਦੀਪ ਬੰਗੜ, ਜਤਿਨ ਬੰਗੜ, ਕੰਬਾ ਜਗਪਾਲਪੁਰ, ਕੁਲਜੀਤ ਕੌਰ, ਰਣਜੀਤ ਕੌਰ, ਪਰਮਜੀਤ ਕੌਰ, ਜੱਪਜੋਤ ਕੌਰ, ਪੂਜਾ ਵਾਲੀਆ, ਰਮਨਦੀਪ ਕਿਰਪਾਲ ਕੌਰ, ਸਿਮਰਨਜੀਤ ਕੌਰ, ਹਰਮਨ, ਸ਼ਿੰਦਾ, ਬੌਬੀ, ਦੀਪੂ ਤੋਂ ਇਲਾਵਾ ਮਲਕੀਤ ਸਿੰਘ ਪੰਚਾਇਤ ਸਕੱਤਰ, ਅਨੀਲ ਕੁਮਾਰ ਜੇ.ਈ, ਸੁਰਿੰਦਰ ਕੁਮਾਰ ਏ.ਪੀ.ਓ ਤੋਂ ਇਲਾਵਾ ਪਿੰਡ ਦੇ ਹੋਰ ਪਤਵੰਤੇ ਵੀ ਹਾਜਰ ਸਨ




# ਥਾਣਾ ਸਤਨਾਮਪੁਰਾ ਪੁਲਿਸ ਵਲੋਂ ਕਤਲ ਦੇ ਮਾਮਲੇ ਵਿੱਚ 2 ਦੋਸ਼ੀ ਗ੍ਰਿਫਤਾਰ

ਫਗਵਾੜਾ (ਜੀਵਨ ਸੰਘਾ) ਥਾਣਾ ਸਤਨਾਮਪੁਰਾ ਫਗਵਾੜਾ ਵਿਖੇ ਚਾਰ ਵਿਅਕਤੀਆ ਵੱਲੋ ਆਪਣੀ ਇਨੋਵਾ ਗੱਡੀ ਨੰਬਰੀ ♦209-✓-6690 ਨੂੰ ਬਹੁਤ ਤੇਜ ਰਫਤਾਰ ਨਾਲ ਲਿਆ ਕੇ ਲੱਕੀ ਪੁੱਤਰ ਨਾਮਲੂਮ ਵਾਸੀ ਨਵਾਂ ਪਿੰਡ ਨਾਰੰਗਸ਼ਾਹਪੁਰ ਉੱਪਰ ਜਾਣਬੁੱਝ ਕੇ ਚੜ੍ਹਾ ਕੇ ਕਤਲ ਕਰ ਦਿੱਤਾ ਸੀ ਜਿਸ ਤੇ ਮੁਕੱਦਮਾ ਨੰਬਰ 92 ਮਿਤੀ 18.07.2024 ਅ/ਧ 103(1) 2©♥ 2023 ਥਾਣਾ ਸਤਨਾਮਪੁਰਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਦਲਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਢੰਡਾ ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ,ਸੰਨੀ ਪੁੱਤਰ ਹਰਜਿੰਦਰ ਕੁਮਾਰ ਵਾਸੀ ਅਠੋਲੀ ਥਾਣਾ ਸਤਨਾਮਪੁਰਾ ਜਿਲਾ ਕਪੂਰਥਲਾ, ਰਵੀ ਕੁਮਾਰ ਪੁੱਤਰ ਗਰੀਬ ਦਾਸ ਵਾਸੀ ਅਠੋਲੀ ਥਾਣਾ ਸਤਨਾਮਪੁਰਾ ਅਤੇ ਹਰਪਿੰਦਰ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਢੰਡੇ ਥਾਣਾ ਗੋਰਾਇਆ ਜਿਲਾ ਜਲੰਧਰ ਦਰਜ ਰਜਿਸਟਰ ਕੀਤਾ ਗਿਆ। ਜਿਸਤੇ ਤੁਰੰਤ ਕਾਰਵਾਈ ਕਰਦਿਆ ਮਿਸ ਵਸਤਲਾ ਗੁਪਤਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾ ਤਹਿਤ ਇੱਕ ਸਪੈਸ਼ਲ ਟੀਮ ਦਾ ਗਠਨ ਕੀਤਾ ਗਿਆ ਜਿਸ ਦੀ ਅਗਵਾਈ ਸ੍ਰੀਮਤੀ ਰੁਪਿੰਦਰ ਕੌਰ ਪੁਲਿਸ ਕਪਤਾਨ ਫਗਵਾੜਾ ਅਤੇ ਸ੍ਰੀ ਜਸਪ੍ਰੀਤ ਸਿੰਘ ਉਪ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਵੱਲੋ ਕੀਤੀ ਗਈ ਅਤੇ ਇੰਸਪੈਕਟਰ ਗੌਰਵ ਧੀਰ ਮੁੱਖ ਅਫਸਰ ਥਾਣਾ ਸਤਨਾਮਪੁਰਾ ਫਗਵਾੜਾ ਵੱਲੋ ਵਾਰਦਾਤ ਨੂੰ 12 ਘੰਟੇ ਦੇ ਅੰਦਰ ਹੀ ਟਰੇਸ ਕਰਕੇ ਵਾਰਦਾਤ ਕਰਨ ਵਾਲੇ 02 ਦੋਸ਼ੀਆ ਦਲਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਢੰਡਾ ਥਾਣਾ ਗੁਰਾਇਆ ਜਿਲਾ ਜਲੰਧਰ ਅਤੇ ਸੰਨੀ ਪੁੱਤਰ ਹਰਜਿੰਦਰ ਕੁਮਾਰ ਵਾਸੀ ਅਠੋਲੀ ਥਾਣਾ ਸਤਨਾਮਪੁਰਾ ਜਿਲਾ ਕਪੂਰਥਲਾ ਨੂੰ ਗ੍ਰਿਫਤਾਰ ਕਰਕੇ ਉਹਨਾ ਵਾਰਦਾਤ ਵਿਚ ਵਰਤੀ ਗਈ ਇਨੋਵਾ ਗੱਡੀ ਨੰਬਰੀ ♦209-✓-6690 ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।

# ਚੀਫ਼ ਖ਼ਾਲਸਾ ਦੀਵਾਨ ਵਲੋਂ 68ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਆਯੋਜਿਤ

## ਇਸ ਕਾਨਫਰੰਸ ਦਾ ਮੁੱਖ ਮੰਤਵ ਆਧੁਨਿਕ ਵਿਦਿਅਕ ਸਾਧਨਾਂ ਰਾਹੀਂ ਗਿਆਨ ਦੀ ਰੋਸ਼ਨੀ ਵਿਚ ਲੋਕਾਂ ਨੂੰ ਪੰਜਾਬੀ ਭਾਸ਼ਾ ਦੀ ਮਹਾਨਤਾ ਪ੍ਰਤੀ ਜਾਗਰੂਕ ਕਰਨਾ-: ਪ੍ਰਧਾਨ ਡਾ.ਨਿੱਜਰ

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਅੱਜ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਹੇਠ 68ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਦੀਆਂ ਤਿਆਰੀਆਂ ਸੰਬੰਧੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਦੀਵਾਨ ਅਧੀਨ ਚੱਲ ਰਹੇ ਐਸ.ਜੀ.ਐਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਮੀਟਿੰਗ ਹਾਲ ਵਿਚ ਇਕੱਤਰਤਾ ਆਯੋਜਿਤ ਕੀਤੀ ਗਈ। ਜਿਸ ਵਿਚ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਸਮੇਤ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵਿਸ਼ੇਸ਼ ਤੌਰ ਤੇ ਸਿ਼ਰਕਤ ਕੀਤੀ। ਇਸ ਮੋਕੇ ਪ੍ਰਧਾਨ ਡਾ.ਨਿੱਜਰ ਨੇ ਕਿਹਾ ਕਿ ਮਿਤੀ 21—23 ਨਵੰਬਰ 2024 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣ ਜਾ ਰਹੀ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਦਾ ਮੁੱਖ ਮੰਤਵ ਆਧੁਨਿਕ ਵਿਦਿਅਕ ਸਾਧਨਾ ਰਾਹੀਂ ਗਿਆਨ ਦੀ ਰੌਸ਼ਨੀ ਵਿਚ ਲੋਕਾਂ ਨੂੰ ਪੰਜਾਬੀ ਭਾਸ਼ਾ ਦੀ ਮਹਾਨਤਾ ਪ੍ਰਤੀ ਜਾਗਰੂਕ ਕਰਨਾ ਅਤੇ ਇਸ ਭਾਸ਼ਾ ਨੂੰ ਬਣਦਾ ਮਾਨ—ਸਤਿਕਾਰ ਦੁਆਉਣਾ ਹੈ ਤਾਂ ਜੋ ਲੋਕਾਂ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਅਮੀਰ ਵਿਰਾਸਤ ਦੀ ਮਹਾਨਤਾ ਤੋ ਜਾਣੂੰ ਕਰਵਾਇਆ ਜਾ ਸਕੇ।

ਮੀਟਿੰਗ ਦੌਰਾਨ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਐਜੂਕੇਸ਼ਨ ਬੋਰਡ ਦੀ ਸਥਾਪਨਾ ਦੀ ਲੋੜ ਤੇ ਜ਼ੋਰ ਦਿੱਤਾ ਤਾਂ ਜੋ ਆਧੁਨਿਕ ਵਿਦਿਆ ਦੇ ਨਾਲ—ਨਾਲ ਨਵੀਂ ਪਨੀਰੀ ਨੂੰ ਸਿੱਖ ਵਿਰਸੇ ਅਤੇ ਸਭਿਆਚਾਰ ਦੀਆਂ ਮਜ਼ਬੂਤ ਨੀਹਾਂ ਨਾਲ ਜ਼ੋੜਿਆ ਜਾ ਸਕੇ। ਉਹਨਾਂ ਤਿੰਨ ਰੋਜ਼ਾ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਵਿਚ ਆਪਣੀ ਵੱਧ ਤੋ ਵੱਧ ਸ਼ਮੂਲੀਅਤ ਅਤੇ ਭਰਵਾਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਬਾਅਦ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ.ਅਮਰਜੀਤ ਸਿੰਘ ਦੂਆ ਨੇ ਕਾਨਫਰੰਸ ਦੌਰਾਨ ਕਰਵਾਏ ਜਾ ਰਹੇ ਨਗਰ—ਕੀਰਤਨ, ਕੀਰਤਨ ਦਰਬਾਰ ਅਤੇ ਹੋਰਨਾਂ ਪ੍ਰੋਗਰਾਮਾਂ ਦੇ ਪ੍ਰਬੰਧਾਂ ਸਬੰਧੀ ਵਿਸਥਾਰਪੂਰਵਕ ਵੇਰਵਾ ਸਾਂਝਾ ਕੀਤਾ। ਇਸ ਮੌਕੇ ਕਾਨਫਰੰਸ ਵਿਚ ਕਰਵਾਏ ਜਾ ਰਹੇ ਸੈਮੀਨਾਰਜ਼ ਅਤੇ ਪ੍ਰਦਰਸ਼ਨੀਆਂ ਦੇ ਵਿਸਿ਼ਆ ਦੀ ਚੋਣ ਲਈ ਕਮੇਟੀ ਗਠਿਤ ਕੀਤੀ ਗਈ। ਮੀਟਿੰਗ ਵਿਚ ਵਿਦਿਆਰਥੀਆਂ ਦੇ ਕਰੀਅਰ ਨੂੰ ਸਹੀ ਦਸ਼ਾ ਅਤੇ ਦਿਸ਼ਾ ਦੇਣ ਹਿੱਤ ਅਤੇ ਬੱਚਿਆਂ ਨੂੰ ਚੰਗੀਆਂ ਨੌਕਰੀਆਂ ਰਾਹੀਂ ਭਵਿੱਖ ਦੀਆਂ ਸਫਲ ਮੰਜਿਲਾਂ ਤੱਕ ਪਹੁੰਚਾਉਣ ਲਈ ਕਾਨਫਰਸ ਦੌਰਾਨ ਵਿਸ਼ੇਸ਼ ਕਰੀਅਰ ਕੌਂਸਲਿੰਗ ਪ੍ਰੋਗਰਾਮ ਉਲੀਕਣ ਦਾ ਨਿਰਣਾ ਲਿਆ ਗਿਆ।

ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ ਅਤੇ ਕਾਰਜਕਾਰੀ ਆਨਰੇਰੀ ਸਕੱਤਰ/ਐਡੀ.ਆਨਰੇਰੀ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਕਾਨਫਰੰਸ ਨੂੰ ਵਿਸ਼ਵ ਪੱਧਰ ਤੇ ਯਾਦਗਾਰੀ ਬਣਾਉਣ ਹਿੱਤ ਟੀਮ ਵਰਕ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਸਟਾਫ ਨੂੰ ਇਕਜੁਟ ਹੋ ਕੇ ਉਤਸ਼ਾਹ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਉਹਨਾਂ ਨੇ ਕਿਹਾ ਕਿ ਕਾਨਫਰੰਸ ਨੂੰ ਸਫਲ ਤਰੀਕੇ ਨਾਲ ਨੇਪਰੇ ਚਾੜਨਾ ਗੁਰੂ ਸਾਹਿਬ ਦੇ ਓਟ ਆਸਰੇ ਅਤੇ ਆਪਸੀ ਸਹਿਯੋਗ ਬਿਨ੍ਹਾਂ ਸੰਭਵ ਨਹੀਂ ਹੈ।




ਮੀਟਿੰਗ ਵਿਚ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਕਾਰਜਕਾਰੀ ਆਨਰੇਰੀ ਸਕੱਤਰ/ਐਡੀ.ਆਨਰੇਰੀ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਅਮਰਜੀਤ ਸਿੰਘ ਦੂਆ, ਐਡੀ.ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਮਨਮੋਹਨ ਸਿੰਘ, ਬੀਬੀ ਕਿਰਨਜੋਤ ਕੌਰ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਅਮਰਦੀਪ ਸਿੰਘ ਰਾਜੇਵਾਲ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਦਲੀਪ ਸਿੰਘ ਬਾਗਾ, ਡਾਇਰੈਕਟਰ ਏ.ਪੀ.ਐਸ.ਚਾਵਲਾ, ਅੰਡਰ ਸੈਕਟਰੀ ਸ੍ਰ.ਅਮਰਜੀਤ ਸਿੰਘ ਚੁੱਘ ਸਮੇਤ ਹੋਰ ਦੀਵਾਨ ਮੈਂਬਰ ਸਾਹਿਬਾਨ ਅਤੇ ਸੀ.ਕੇ.ਡੀ ਸਹਾਇਕ ਡਾਇਰੈਕਟਰਜ਼ ਅਤੇ ਸਕੂਲ ਪ੍ਰਿੰਸੀਪਲ ਮਿਸਿਜ਼ ਸੁਖਪਾਲ ਕੌਰ ਹਾਜ਼ਰ ਸਨ।

## ਗਰਮੀ ਦਾ ਵਧ ਰਿਹਾ ਪ੍ਰਕੋਪ ਮਨੁੱਖਤਾ ਲਈ ਖ਼ਤਰੇ ਦੀ ਘੰਟੀ

# ਬੂਟੇ ਲਗਾਓ, ਮਨੁੱਖਤਾ ਨੂੰ ਤੰਦਰੁਸਤ ਬਣਾਓ




ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਦਿਨੋ- ਦਿਨ ਗਰਮੀ ਦਾ ਵਧ ਰਿਹਾ ਪ੍ਰਕੋਪ ਸਾਡੇ ਜੀਵਨ ਪੱਧਰ ਲਈ ਖਤਰੇ ਦੀ ਘੰਟੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਹਿਰ ਦੀਆਂ ਵਾਤਾਵਰਣ ਪ੍ਰੇਮੀ ਔਰਤਾਂ ਨੀਰਜ਼ ਬਾਲਾ ਦਾਨੀਆ, ਬਬੀਤਾ ਜਿੰਦਲ, ਸੋਮਾ ਭੰਡਾਰੀ, ਸਪਨਾ ਗਰਗ, ਹਰਵਿੰਦਰ ਕੌਰ ਪੰਮੀ ਅਤੇ ਬਲਜੀਤ ਕੌਰ ਬਰਾੜ ਐਮ ਸੀ ਨਗਰ ਕੌਂਸਲਰ ਵਾਰਡ ਨੰਬਰ 13 ਨੇ ਵਧ ਰਹੀ ਆਲਮੀ ਤਪਸ ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਅੰਨ੍ਹੇਵਾਹ ਦਰੱਖਤਾਂ ਦੀ ਕਟਾਈ ਕਾਰਨ ਵਿਸ਼ੇਸ਼ ਕਰ ਕੇ ਉੱਤਰੀ ਭਾਰਤ ਵਿੱਚ ਅੱਤ ਦਰਜੇ ਦੀ ਗਰਮੀ ਪੈ ਰਹੀ ਹੈ। ਜੇਕਰ ਹੋਰ ਨਵੇਂ ਦਰੱਖ਼ਤ ਨਹੀ ਲਗਾਏ ਗਏ ਤਾ ਆਲਮੀ ਤਪਸ ਹੋਰ ਵੀ ਵਧ ਜਾਵੇਗੀ ਅਤੇ ਵੱਡੀ ਪੱਧਰ ਤੇ ਮੌਤਾਂ ਹੋਣਗੀਆਂ ਅਤੇ ਆਲਮੀ ਤਪਸ਼ ਮਨੁੱਖੀ ਹੋਂਦ ਲਈ ਬੇਹੱਦ ਖ਼ਤਰਨਾਕ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਅਸੀਂ ਦਰੱਖਤਾਂ ਦੀ ਕਟਾਈ ਕਰਕੇ ਵਿਸ਼ਾਲ ਰੇਗਿਸਤਾਨ ਵੱਲ ਵੱਧ ਰਹੇ ਹਾਂ। ਕਟਾਈ ਕਾਰਨ ਪਾਣੀ ਦਾ ਪੱਧਰ ਆਏ ਦਿਨ ਨੀਵਾਂ ਦਰ ਨੀਵਾਂ ਹੋ ਰਿਹਾ ਹੈ। ਪਾਣੀ ਦੇ ਕੁਦਰਤੀ ਸੋਮੇ ਸੁੱਕ ਰਹੇ ਹਨ। ਜੇਕਰ ਅਜਿਹੀ ਹੀ ਹਾਲਤ ਰਹੀ ਤਾਂ ਅਗਲੇ 10 ਸਾਲ ਬਾਅਦ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ, ਜਿਸਦਾ ਖ਼ਮਿਆਜ਼ਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ। ਇਸ ਤੋਂ ਬਚਾਅ ਲਈ ਸਾਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਸਮਾਜ ਸੇਵੀ ਨੀਰਜ਼ ਬਾਲਾ ਦਾਨੀਆ ਨੇ ਅੱਗੇ ਕਿਹਾ ਕਿ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਾਲ ਜੁਲਾਈ ਮਹੀਨੇ ਚ ਵਣ-ਮਹਾਂਉਤਸਵ ਮਨਾਇਆ ਜਾਂਦਾ ਹੈ ਜੇਕਰ ਅਸੀ ਲਗਾਏ ਗਏ ਪੌਦਿਆ ਦੀ ਸਾਂਭ ਸੰਭਾਲ ਕਰਾਂਗੇ ਤਾਂ ਸਾਡਾ ਵਾਤਾਵਰਣ ਸ਼ੁੱਧ ਰਹੇਗਾ ਤੇ ਚਾਰੋਂ ਪਾਸੇ ਹਰਿਆਵਲ ਹੋਵੇਗੀ।

# ਵਾਤਾਵਰਣ ਨੂੰ ਹਰਿਆ ਭਰਿਆਂ ਬਣਾਉਣ ਲਈ ਫਲਦਾਰ ਤੇ ਫੁੱਲਦਾਰ ਬੂਟੇ ਲਗਾਏ- ਐਸ.ਡੀ.ਐਮ




ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ) ਫਲਦਾਰ ਅਤੇ ਫੁੱਲਦਾਰ ਪੌਦੇ ਲਗਾ ਕੇ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣਾ ਹੈ। ਇਸ ਲਹਿਰ ਵਿਚ ਹਰ ਨਾਗਰਿਕ ਨੂੰ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ, ਆਪਣੇ ਜੀਵਨ ਵਿਚ ਹਰ ਕਿਸੇ ਨੂੰ ਵੱਧ ਤੋ ਵੱਧ ਬੂਟੇ ਲਗਾਉਣੇ ਚਾਹੀਦੇ ਹਨ।

ਇਹ ਪ੍ਰਗਟਾਵਾ ਰਾਜਪਾਲ ਸਿੰਘ ਸੇਖੋਂ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਸਥਾਨਕ ਪ੍ਰੈਸ ਚੋਂਕ ਦੇ ਨੇੜੇ ਪੌਦੇ ਲਗਾਉਣ ਮੌਕੇ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਜ ਜਿਹੜੇ ਰੁੱਖਾਂ ਦੀ ਛਾਂ ਦਾ ਅਨੰਦ ਅਸੀ ਮਾਣ ਰਹੇ ਹਾਂ ਅਤੇ ਜਿਹੜੇ ਰੁੱਖ ਸਾਨੂੰ ਫਲ ਤੇ ਆਕਸੀਜਨ ਦੇ ਰਹੇ ਹਨ, ਉਹ ਸਾਡੇ ਬਜੁਰਗਾਂ ਅਤੇ ਵੱਡੀਆਂ ਨੇ ਲਗਾਏ ਸਨ। ਉਨ੍ਹਾਂ ਕਿਹਾ ਕਿ ਇਸ ਲਈ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀ ਆਪਣੀ ਆਉਣ ਵਾਲੀ ਪੀੜੀ ਨੂੰ ਸਾਫ ਸੁਥਰੇ ਵਾਤਾਵਰਣ ਤੇ ਪਾਉਣ ਪਾਣੀ ਦੀ ਸੋਗਾਂਤ ਦਈਏ। ਉਨ੍ਹਾਂ ਕਿਹਾ ਕਿ ਲਗਾਤਾਰ ਹੋ ਰਹੀ ਰੁੱਖਾਂ ਦੀ ਕਟਾਈ ਨੇ ਵਾਤਾਵਰਣ ਦਾ ਸੰਤੁਲਨ ਵਿਗਾੜ ਦਿੱਤਾ ਹੈ, ਹੁਣ ਸਮਾਜ ਵਿਚ ਮੁੜ ਨਵੀ ਚੇਤਨਾ ਆਈ ਹੈ। ਹਰ ਕਿਸੇ ਨੂੰ ਵੱਧ ਤੋ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਜਿਹੜੀਆ ਸੰਸਥਾਵਾ ਇਹ ਉਪਰਾਲੇ ਕਰ ਰਹੀਆਂ ਹਨ, ਉਨ੍ਹਾਂ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ।

ਪੰਜਾਬ ਸਰਕਾਰ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਬਾਰੇ ਉਪ ਮੰਡਲ ਮੈਜਿਸਟ੍ਰੇਟ ਨੇ ਕਿਹਾ ਕਿ ਹਰ ਵਿਭਾਗ, ਸੰਸਥਾਵਾ ਤੇ ਹਰ ਵਿਅਕਤੀ ਇਸ ਮੁਹਿੰਮ ਵਿੱਚ ਹਿੱਸਾ ਪਾਵੇ। ਸਾਝੀਆ ਥਾਵਾਂ ਉਤੇ ਵੱਧ ਤੋ ਵੱਧ ਬੂਟੇ ਲਗਾ ਕੇ ਉਨ੍ਹਾਂ ਨੂੰ ਰੁੱਖਾਂ ਦੇ ਰੂਪ ਵਿਚ ਪਾਲਣ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਦਿਨ ਪ੍ਰਤੀ ਦਿਨ ਗਦਲੇ ਹੋ ਰਹੇ ਵਾਤਾਵਰਣ ਦੀ ਸਾਂਭ ਸੰਭਾਲ ਰੁੱਖ ਲਗਾ ਕੇ ਹੀ ਹੋ ਸਕਦੀ ਹੈ। ਉਨ੍ਹਾਂ ਨੇ ਗ੍ਰਾਮ ਪੰਚਾਇਤਾ, ਪੰਚਾ, ਸਰਪੰਚਾ, ਪਿੰਡਾਂ ਵਿਚ ਕੰਮ ਕਰ ਰਹੇ ਸੰਗਠਨ ਅਤੇ ਸੰਸਥਾਵਾ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਤ ਟੀਚਾ ਮਿੱਥ ਕੇ ਬੂਟੇ ਲਗਾਉਣ। ਇਸ ਮੋਕੇ ਸੁਖਬੀਰ ਸਿੰਘ ਭੱਠਲ ਰੇਂਜ ਅਫਸਰ ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਵੀ ਹਰ ਵਰਗ ਨੂੰ ਅਪੀਲ ਕੀਤੀ ਹੈ ਕਿ ਹਰ ਵਿਅਕਤੀ ਵੱਧ ਤੋ ਵੱਧ ਪੌਦੇ ਲਗਾ ਕੇ ਉਨ੍ਹਾਂ ਦੀ ਦੇਖਭਾਲ ਕੀਤੀ ਜਾਵੇ।

# ਸਾਈਬਰ ਕਰਾਇਮ ਬਾਰੇ ਜਾਣਕਾਰੀ ਹਰੇਕ ਵਿਅਕਤੀ ਲਈ ਅੱਜ ਦੇ ਸਮੇਂ ਵਿੱਚ ਜ਼ਰੂਰੀ

ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਜ਼ਿਲ੍ਹਾ ਬਰਨਾਲਾ ਦੇ ਜ਼ਿਲ੍ਹਾ ਮੈਂਟਰ ਕੰਪਿਊਟਰ ਮਹਿੰਦਰ ਪਾਲ ਗਰਗ ਨੇ ਸਾਈਬਰ ਕਰਾਇਮ ਤੇ ਗੱਲਬਾਤ ਕਰਦਿਆਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਸਾਈਬਰ ਕਰਾਇਮ ਆਪਣੀ ਪਕੜ ਮਜਬੂਤ ਕਰ ਰਿਹਾ ਹੈ। ਦੇਸ਼ ਵਿੱਚ ਸਾਈਬਰ ਧੋਖਾਧੜੀ ਤੋਂ ਬਚਣ ਦੇ ਤਮਾਮ ਪ੍ਰਬੰਧ ਛੋਟੇ ਨਜ਼ਰ ਆ ਰਹੇ ਹਨ। ਆਏ ਦਿਨ ਸਾਈਬਰ ਠੱਗੀ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਓ.ਟੀ.ਪੀ. ਫਰਾਡ। ਕ੍ਰੈਡਿਟ ਕਾਰਡ ਧੋਖਾਧੜੀ, ਈ-ਕਾਮਰਸ, ਫਰਜ਼ੀ ਪਛਾਣ ਪੱਤਰ ਬਣਾਉਣਾ, ਖਾਤੇ ਵਿੱਚੋਂ ਪੈਸੇ ਨਿਕਲਣਾ, ਫਰਜ਼ੀ ਮੋਬਾਇਲ ਸੰਪਰਕ, ਬਿਜਲੀ ਬਿੱਲ ਸਬੰਧੀ, ਆਧਾਰ ਕਾਰਡ ਅਪਡੇਟ ਕਰਨ ਸੰਬੰਧੀ ਆਦਿ ਅਨੇਕਾਂ ਘਟਨਾਵਾਂ ਸਾਇਬਰ ਠੱਗੀ ਦਾ ਕਾਰਨ ਗਈਆਂ ਹਨ। ਦੂਜੇ ਪਾਸੇ ਡਿਜੀਟਲ ਇੰਡੀਆ ਰਾਹੀਂ ਸਭ ਕੁੱਝ ਇੰਟਰਨੈੱਟ ਰਾਹੀਂ ਜੁੜ ਗਿਆ ਹੈ। ਲੈਣ-ਦੇਣ, ਬੈਂਕਿੰਗ ਪ੍ਰਣਾਲੀ ਇਸ ਦਾ ਮੁੱਖ ਹਿੱਸਾ ਹਨ, ਪਰ ਸਾਇਬਰ ਠੱਗੀ ਨੇ ਲੋਕਾਂ ਦੇ ਖਾਤੇ ਖਾਲੀ ਕਰ ਦਿੱਤੇ ਹਨ। ਹੁਣ ਨਕਦੀ ਦੇ ਨਾਲ ਨਾਲ ਸਾਈਬਰ ਠੱਗ ਇੰਟਰਨੈੱਟ ਡਾਟਾ ਵੀ ਚੋਰੀ ਕਰ ਰਹੇ ਹਨ। ਡਿਜੀਟਲ ਸੰਨ੍ਹਮਾਰੀ ਦੀ ਇੱਕ ਕਿਸਮ ਹੈ ਫਿਸ਼ਿੰਗ ਅਰਥਾਤ ਬੈਂਕਾਂ ਦੇ ਕ੍ਰੈਡਿਟ ਆਦਿ ਜਾਣਕਾਰੀ ਚੁਰਾ ਕੇ ਰਕਮ ਉਡਾ ਲੈਣੀ, ਦੂਜੀ ਕਿਸਮ ਹੈ ਰੈਸਮਵੇਅਰ ਯਾਨੀ ਫਿਰੌਤੀ। ਇਸ ਚ ਲੋਕਾਂ, ਕੰਪਨੀਆਂ ਅਦਾਰਿਆਂ ਦੇ ਕੰਪਿਊਟਰ ਨੈੱਟਵਰਕ ਤੋਂ ਸਾਇਬਰ ਹਮਲਾ ਕਰਕੇ ਆਪਣੇ ਕਬਜੇ ਵਿੱਚ ਕਰ ਲੈਣਾ, ਫਿਰ ਬਦਲੇ ਵਿੱਚ ਫਿਰੌਤੀ ਮੰਗਣਾ, ਫਿਸ਼ਿੰਗ ਅਤੇ ਰੈਸਮਵੇਅਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਅੱਜ ਹਰ ਦੂਸਰਾ ਆਦਮੀ ਸਾਇਬਰ ਠੱਗੀ ਦਾ ਸ਼ਿਕਾਰ ਹੋ ਰਿਹਾ ਹੈ।

ਸਾਇਬਰ ਠੱਗ ਅਨੇਕਾਂ ਪ੍ਰਕਾਰ ਦੇ ਨਵੇਂ ਤਰੀਕੇ ਲੱਭ ਕੇ ਜਨਤਾ ਨਾਲ ਠੱਗੀ ਮਾਰ ਰਹੇ ਹਨ। ਵਿਦੇਸ਼ਾਂ ਤੋਂ ਰਿਸ਼ਤੇਦਾਰ ਬਣ ਕੇ, ਗੂਗਲ ਪੇ ਦੀ ਮੰਗ ਕਰਕੇ, ਜਨਤਾ ਦੇ ਖਾਤਿਆਂ ਤੱਕ ਸੇਧ ਲਾ ਰਹੇ ਹਨ। ਲੋਕਾਂ ਦਾ ਡਾਟਾ ਜਿਵੇਂ ਮੋਬਾਇਲ ਨੰਬਰ ਆਦਿ ਵੇਚਣ ਅਤੇ ਖਰੀਦਣ ਦਾ ਵਪਾਰ ਅਰਬਾਂ ਰੁਪਏ ਦੀ ਗੱਲ ਸੁਣਦੇ ਹਾਂ। ਕਈ ਵਾਰ ਹੈਰਾਨੀ ਹੁੰਦੀ ਹੈ ਜਦੋਂ ਕਿਸੇ ਕੰਪਨੀ ਆਦਿ ਦਾ ਫੋਨ ਆਉਂਦਾ ਹੈ ਕੀ ਇਹ ਉਤਪਾਦ ਲਵੋ। ਇਹ ਸੇਵਾਵਾਂ ਪੇਸ਼ ਕਰ ਰਹੇ ਹਾਂ ਆਦਿ। ਜਦ ਕੀ ਅਸੀਂ ਕਦੇ ਵੀ ਇਹਨਾਂ ਨਾਲ ਜੁੜੇ ਨਹੀਂ ਹੁੰਦੇ। ਇਸ ਲਈ




ਸਾਇਬਰ ਠੱਗਾਂ ਤੋਂ ਬਚਣ ਲਈ ਕਦੇ ਵੀ ਕਿਸੇ ਆਫਰ ਦੇ ਲਾਲਚ ਵਿੱਚ ਨਾ ਆਵੋ, ਮੋਬਾਇਲ ਤੇ ਆਈ.ਪੀ. ਓ.ਟੀ.ਪੀ. ਕਿਸੇ ਨਾਲ ਸਾਂਝੀ ਨਾ ਕਰੋ, ਉਸ ਨੀਲੇ ਲਿੰਕ ਨੂੰ ਟੱਚ ਨਾ ਕਰੋ ਜਿਸ ਵਾਰੇ ਤੁਸੀਂ ਜਾਣਦੇ ਨਹੀਂ। ਆਈ.ਟੀ.ਸੀ. ਵਿੰਗ ਇਸ ਕਾਰਜ ਨੂੰ ਬਾਖ਼ੂਬੀ ਨਿਭਾ ਰਿਹਾ ਹੈ। ਪੰਜਾਬ ਦੇ ਸਮੂਹ ਸਰਕਾਰੀ ਸਕੂਲ ਵਿੱਚ ਸਾਇਬਰ ਠੱਗੀ ਸੰਬੰਧੀ ਵਿਦਿਆਰਥੀ ਵਰਗ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਾਲ ਤੋਂ ਵਿਭਾਗ ਵੱਲੋਂ ਜਲਦ ਹੀ ਵਿਦਿਆਰਥੀਆਂ ਦਾ ਸਾਈਬਰ ਸੁਰੱਖਿਆ ਸਬੰਧੀ ਇੱਕ ਇੰਟਰਨੈਸ਼ਨਲ ਸਾਈਬਰ ਓਲੰਪੀਅਡ ਵੀ ਕਰਵਾਇਆ ਜਾ ਰਿਹਾ ਹੈ

# ਮਦਰ ਟੀਚਰ ਸਕੂਲ ਦੇ ਯੁਵਨ ਬਾਂਸਲ ਨੇ ਬੈਡਮਿੰਟਨ ਟੂਰਨਾਮੈਂਟ ਵਿੱਚ ਹਾਸਲ ਕੀਤੀ ਦੂਜੀ ਸਥਾਨ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਬਰਨਾਲਾ ਦੇ ਮਦਰ ਟੀਚਰ ਸਕੂਲ ਦੇ ਚੌਥੀ ਜਮਾਤ ਦੇ ਵਿਦਿਆਰਥੀ ਯੁਵਨ ਬਾਂਸਲ ਨੇ ਬੈਡਮਿੰਟਨ ਟੂਰਨਾਮੈਂਟ ਅੰਡਰ 11 ਲੜਕੇ ਸਿੰਗਲ ਕੈਟਾਗਰੀ ਵਿੱਚ ਹਿੱਸਾ ਲੈ ਦੂਜਾ ਸਥਾਨ ਹਾਸਲ ਕਰ ਸਿਲਵਰ ਮੈਡਲ ਟਰਾਫੀ ਸਮੇਤ 5 ਹਾਜ਼ਰ ਦੀ ਨਗਦੀ ਦਾ ਇਨਾਮ ਹਾਸਿਲ ਕੀਤਾ। ਇਹ ਮੁਕਾਬਲੇ ਲਿਟਲ ਫਲਾਟਰ ਕਾਨਵੈਂਟ ਸੀਨੀ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋ ਗੋਲਡਨ ਜੁਬਲੀ ਮੈਮੋਰੀਅਲ ਓਪਨ ਫਰੈਂਡਲੀ ਬੈਡਮਿੰਟਨ ਟੂਰਨਾਮੈਂਟ 12-14 ਜੁਲਾਈ ਨੂੰ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਜ਼ਿਲਿਆਂ ਦੇ ਖਿਡਾਰੀਆਂ ਨੇ ਭਾਗ ਲਿਆ।ਗੋਰਤਲਬ ਹੈ ਕਿ ਖਿਡਾਰੀ ਪਹਿਲਾਂ ਵੀ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਚੰਗਾ ਸਥਾਨ ਹਾਸਿਲ ਕਰ ਚੁੱਕਿਆ ਹੈ।ਖੇਡਾਂ ਦੀ ਉੱਚ ਸਿੱਖਿਆ ਐਲਬੀਐਸ ਕਾਲਜ ਵਿੱਚ ਚੱਲ ਰਹੀ ਖੇਲੋ ਇੰਡਿਆ ਸੈਂਟਰ ਵਿੱਚ ਮੈਡਮ ਅੰਤਿਮਾ (ਬੈਡਮਿੰਟਨ ਕੋਚ)ਦੇ ਦੇਖ ਰੇਖ ਹੇਠ ਬੈਡਮਿੰਟਨ ਦੀ ਕੋਚਿੰਗ ਲੈ ਰਿਹਾ ਹੈ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ। ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ। ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ। ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ। ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਜੰਡਿਆਲਾ ਦਾ ਜੇ ਐਸ ਮੋਟਰ ਨਸ਼ੇ ਦਾ ਅੱਡਾ ਅਮਰਿੰਦਰ ਸਿੰਘ

## ਲਿਖਤੀ ਸ਼ਿਕਾਇਤ ਦੇ 25 ਦਿਨ ਬਾਅਦ ਪੁਲਿਸ ਨਹੀ ਕਰ ਰਹੀ ਕਾਰਵਾਈ

ਅੰਮ੍ਰਿਤਸਰ, ਲੋਕ ਬਾਣੀ --ਪੰਜਾਬ ਵਿੱਚ ਨਸ਼ੇ ਦਾ ਕਾਰੋਬਾਰ ਸਭ ਤੋਂ ਵੱਡੀ ਸਮੱਸਿਆ ਹੈ ਪੰਜਾਬ ਦੇ ਮੁੱਖ ਮੰਤਰੀ ਦੇ ਸਖਤ ਹੁਕਮ ਦੇ ਬਾਵਜੂਦ ਪੰਜਾਬ ਵਿੱਚੋਂ ਨਸ਼ਾ ਖਤਮ ਤਾਂ ਕੀ ਘੱਟ ਵੀ ਨਹੀ ਹੋ ਰਿਹਾ ਇਸ ਲਈ ਕਮੀ ਕਿਸ ਥਾਂ ਤੇ ਹੈ ਇਸ ਸਬੰਧ ਵਿੱਚ ਪੱਤਰਕਾਰਾਂ ਦੀ ਸਿਰਮੌਰ ਜਥੇਬੰਦੀ ਸ਼ਹੀਦ ਭਗਤ ਸਿੰਘ ਪ੍ਰੈਸ ਐਸੋਸੀਏਸ਼ਨ ਨੇ ਇਕ ਪ੍ਰੈਸ ਵਾਰਤਾ ਕਰਕੇ ਪੁਲਿਸ ਤੇ ਗੰਭੀਰ ਦੋਸ਼ ਲਗਾਏ ਹਨ ਪ੍ਰੈਸ ਵਾਰਤਾ ਨੂੰ ਸੰਬੋਧਨ ਕਰਦੇ ਹੋਏ ਐਸੋਸੀਏਸ਼ਨ ਦੇ ਚੇਅਰਮੈਨ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜੰਡਿਆਲਾ ਗੁਰੂ ਦੇ ਤਰਨਤਾਰਨ ਬਾਈਪਾਸ ਦੇ ਨਜ਼ਦੀਕ ਜ਼ੇ ਐਸ ਮੋਟਰਜ਼ ਨਾਮਕ ਗੈਰਾਜ਼ ਜਿਸ ਦਾ ਮਾਲਕ ਜੱਗਾ ਨਾਮਕ ਵਿਅਕਤੀ ਹੈ ਉਕਤ ਗੈਰਜ਼ ਇਕ ਨਸ਼ੇ ਵੇਚਣ ਅਤੇ ਸੇਵਨ ਕਰਨ ਦਾ ਅੱਡਾ ਹੈ ਇਸ ਅੱਡੇ ਨੂੰ ਜੱਗਾ ਇਕ ਪੱਤਰਕਾਰ ਵਰੁਣ ਸੋਨੀ ਦੇ ਨਾਲ ਮਿਲਕੇ ਚਲਾ ਰਿਹਾ ਹੈ ਜਦ ਕੀ ਵਰੁਣ ਸੋਨੀ ਇਕ ਬਦਨਾਮ ਪੱਤਰਕਾਰ ਰਿਹਾ ਹੈ ਜਿਸ ਤੇ ਜਬਰਨ ਵਸੂਲੀ ਅਤੇ ਬਲੈਕਮੇਲ ਕਰਨ ਦੇ ਕਈ ਵਾਰੀ ਦੋਸ਼ ਲਗਦੇ ਰਹੇ ਹਨ ਹੁਣ ਉਸ ਨੇ ਨਸ਼ਾ ਵੇਚਣ ਦਾ ਕਾਰੋਬਾਰ ਸ਼ੁਰੂ ਕੀਤਾ ਹੋਇਆ ਹੈ ਅਤੇ ਵਰੁਣ ਸੋਨੀ ਉਪਰ ਨਸ਼ਾ ਬਰਾਮਦਗੀ ਦੇ ਮਾਮਲੇ ਵੀ ਦਰਜ਼ ਹੋ ਚੁੱਕੇ ਹਨ ਇਹ ਦੋਨੋ ਜਦੋਂ ਕਿਸੇ ਮਾਮਲੇ ਵਿਚ ਫਸਦੇ ਹਨ ਤਾਂ ਅਜੀਤ ਅਖ਼ਬਾਰ ਦਾ ਜੰਡਿਆਲਾ ਗੁਰੂਟੋ ਪੱਤਰਕਾਰ ਨਾਗੀ ਇਨ੍ਹਾਂ ਨੂੰ ਬਚਾਉਣ ਲੱਗ ਜਾਂਦਾ ਹੈ ਇਹ ਤਿੰਨੋ ਮਿਲਕੇ ਨਸ਼ੇ ਦਾ ਕਾਰੋਬਾਰ ਕਰ ਰਹੇ ਹਨ।




ਅਮਰਿੰਦਰ ਸਿੰਘ ਨੇ ਕਿਹਾ ਇਹ ਮਾਮਲਾ ਉਦੋਂ ਧਿਆਨ ਵਿੱਚ ਆਇਆ ਜਦ ਮੈ ਆਪਣੀ ਕਾਰ ਇਕ ਪੱਤਰਕਾਰ ਰਾਹੀਂ ਜੇ ਐਸ ਮੋਟਰ ਤੇ ਠੀਕ ਕਰਨੀ ਦਿੱਤੀ ਤਾ ਢਾਈ ਮਹੀਨੇ ਬੀਤਣ ਤੇ ਵੀ ਕਾਰ ਠੀਕ ਨਹੀਂ ਹੋਈ ਟਾ ਮੈ ਇਕ ਦਿਨ ਜਦ ਗੈਰਾਜ ਤੇ ਗਿਆ ਤਾਂ ਕਾਰ ਉਸੇ ਤਰਾ ਖੜੀ ਸੀ ਅਤੇ ਦੀ ਤਿੰਨ ਕਾਰਾ ਵਿੱਚ ਨਸ਼ੇੜੀ ਨਸ਼ੇ ਦਾ ਸੇਵਨ ਕਰ ਰਹੇ ਸਨ ਤਦ ਮੈਨੂੰ ਸਮਝ ਆਈ ਕਿ ਇਹ ਗ਼ੈਰਾਜ ਅਸਲ ਵਿੱਚ ਨਸ਼ੇ ਦਾ ਅੱਡਾ ਹੈ ਮੈ ਜਦ ਜੱਗੇ ਨਾਲ ਆਪਣੀ ਕਾਰ ਠੀਕ ਨਾ ਹੋਣ ਦਾ ਕਾਰਨ ਕੁਛ ਸਖ਼ਤੀ ਨਾਲ ਪੁੱਛਿਆ ਤਾਂ ਜੱਗੇ ਨੇ ਮੇਰੇ ਨਾਲ ਗਾਲੀ ਗਲੋਚ ਕੀਤਾ ਮੈ ਇਸ ਦੀ ਸ਼ਿਕਾਇਤ ਪੁਲਿਸ ਨੂੰ ਕਰ ਦਿੱਤੀ ਪੁਲਿਸ ਦੇ ਬਾਰ ਬਾਰ ਬੁਲਾਉਣ ਤੇ ਵੀ ਇਹ ਲੋਕ ਥਾਣੇ ਨਹੀ ਆਏ ਪੁਲਿਸ ਨੇ ਚਾਰ ਵਾਰ ਸਾਨੂੰ ਥਾਣੇ ਬੁਲਾਇਆ ਪਰ ਉਪਰੋਕਤ ਲੋਕਾਂ ਵਿਚੋਂ ਇਕ ਵੀ ਵਿਅਕਤੀ ਥਾਣੇ ਨਹੀ ਪੁੱਜਾ 25 ਦਿਨ ਬੀਤਣ ਤੇ ਵੀ ਪੁਲਿਸ ਲਿਖਤ ਸ਼ਿਕਾਇਤ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕਰ ਰਹੀ ਉਲਟਾ ਨਸ਼ਾ ਵੇਚਣ ਵਾਲਿਆਂ ਦਾ ਸਾਥ ਦੇ ਰਹੀ ਹੈ ਅਮਰਿੰਦਰ ਸਿੰਘ ਨੇ ਅੱਗੇ ਕਿਹਾ ਕਿ ਸ਼ਹੀਦ ਭਗਤ ਸਿੰਘ ਪ੍ਰੈਸ ਐਸੋਸੀਏਸ਼ਨ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣ ਲਈ ਉਪਰੋਕਤ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਨੰਗਾ ਕਰੇਗੀ ਅਤੇ ਹਰ ਹਾਲ ਇਨਾ ਉੱਪਰ ਕਾਰਵਾਈ ਪੁਲਿਸ ਤੋਂ ਕਾਰਵਾਈ ਜਾਵੇਗੀ ਇਸ ਲਈ ਐਸੋਸੀਏਸ਼ਨ ਦਾ ਇਕ ਵਿਸ਼ੇਸ਼ ਵਫ਼ਦ ਸ਼ੁਕਰਵਾਰ ਸਵੇਰੇ 12 ਵਜੇ ਐਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਨੂੰ ਇੰਨਾ ਨਸ਼ੇ ਦੇ ਕਾਰੋਬਾਰੀਆਂ ਉੱਪਰ ਕਾਰਵਾਈ ਕਰਨ ਲਈ ਮੰਗ ਪੱਤਰ ਦੇਵੇਗਾ ਅਮਰਿੰਦਰ ਸਿੰਘ ਨੇ ਲੋਕ ਸੇਵਾ ਕਰਨ ਵਾਲੀਆਂ ਸਾਰੀਆਂ ਸਮਾਜਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਜੇਕਰ ਅਸੀਂ ਪੰਜਾਬ ਅਤੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਹੈ ਤਾਂ ਸਾਨੂੰ ਸਭ ਨੂੰ ਅਜਿਹੇ ਹੰਬਲੇ ਮਾਰਕੇ ਨਸ਼ਾ ਕਾਰੋਬਾਰੀਆਂ ਨੂੰ ਨੰਗਾ ਕਰਨਾ ਹੋਵੇਗਾ

# ਸਾਹਿਤਕ ਸੱਥ ਖਰੜ ਦੀ ਮਾਸਿਕ ਇਕੱਤਰਤਾ ਵਿੱਚ ਸ਼ਿਰਕਤ ਕਰਨਗੇ ਫੈਸਲ ਖਾਨ




ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਪੰਜਾਬੀ ਗ਼ਜ਼ਲ ਦੇ ਤਕਨੀਕੀ ਪੱਖ ਨੂੰ ਸਮਝਣ ਲਈ ਸਾਹਿਤਕ ਸੱਥ ਖਰੜ ਵੱਲੋਂ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਆਸ ਪਾਸ ਦੇ ਇਲਾਕਿਆਂ ਦੇ ਗ਼ਜ਼ਲਗੋ , ਸਾਹਿਤਕਾਰ ਤੇ ਗ਼ਜ਼ਲ ਲਿਖਣ ਦੇ ਇੱਛੁਕ ਸਿਖਿਆਰਥੀ ਭਾਗ ਲੈਣਗੇ। ਇਸ ਸਮਾਗਮ ਵਿੱਚ ਨਵਾਬ ਫੈਸਲ ਖਾਨ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ ਤੇ ਪੰਜਾਬੀ ਗ਼ਜ਼ਲ, ਉਸ ਦੇ ਤਕਨੀਕੀ ਪੱਖ, ਰਵਾਇਤੀ ਤੇ ਸਮਕਾਲੀ ਗ਼ਜ਼ਲ ਦੇ ਵਿਸ਼ਿਆਂ ਤੇ ਗ਼ਜ਼ਲ ਦੇ ਹੋਰ ਪੱਖਾਂ ਬਾਰੇ ਚਰਚਾ ਕਰਨਗੇ। ਇਸ ਤੋਂ ਇਲਾਵਾ ਇਹ ਸਮਾਗਮ ਵਿੱਚ ਹਾਜ਼ਰ ਕਵੀਆਂ ਦਾ ਸ਼ਾਨਦਾਰ ਕਵੀ ਦਰਬਾਰ ਵੀ ਹੋਵੇਗਾ। ਨਵਾਬ ਫੈਸਲ ਖਾਨ ਨੇ ਸੱਥ ਦੇ ਜਨਰਲ ਸਕੱਤਰ ਪਿਆਰਾ ਸਿੰਘ ਰਾਹੀ ਅਤੇ ਪ੍ਰਧਾਨ ਜਸਵਿੰਦਰ ਸਿੰਘ ਕਾਈਨੌਰ ਦਾ ਧੰਨਵਾਦ ਕੀਤਾ।

# ਤੇਜੀ ਸੰਧੂ ਤੇ ਪੀ ਕੇ ਐਸ ਭਾਰਦਵਾਜ ਦੀ ਅਗਵਾਈ ਹੇਠ ਸ਼ਿਵ ਸੈਨਾ ਪੰਜਾਬ ਪ੍ਰਧਾਨ ਆਪਣੇ ਸੈਕੜੇ ਸਾਥੀਆਂ ਸਮੇਤ ਭਾਜਪਾ ਚ ਸ਼ਾਮਲ




ਲੁਧਿਆਣਾ (ਵਰਿੰਦਰ ਪ੍ਰਕਾਸ਼ ਭਾਂਬਰੀ / ਸੁਖਚੈਨ ਮਹਿਰਾ):ਭਾਜਪਾ ਪੰਜਾਬ ਕਿਸਾਨ ਮੋਰਚਾ ਦੇ ਉਪ ਪ੍ਰਧਾਨ ਤੇਜਿੰਦਰ ਕੌਰ ਤੇਜੀ ਸੰਧੂ ਤੇ ਪੀ ਕੇ ਐਸ ਭਾਰਦਵਾਜ ਦੀ ਅਗਵਾਈ ਹੇਠ ਸ਼ਿਵ ਸੈਨਾ ਪੰਜਾਬ ਪ੍ਰਧਾਨ ਦਵਿੰਦਰ ਸਿੰਘ ਆਪਣੇ 100 ਤੋਂ ਵੱਧ ਸਾਥੀਆਂ ਸਮੇਤ ਤੇ ਉੱਘੇ ਸਮਾਜ ਸੇਵੀ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ। ਭਾਜਪਾ ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਭਾਜਪਾ ਪੰਜਾਬ ਕਿਸਾਨ ਮੋਰਚਾ ਦੇ ਮੀਤ ਪ੍ਰਧਾਨ ਤੇਜੀ ਸੰਧੂ ਦੀ ਪ੍ਰਧਾਨਗੀ ਹੇਠ ਹੋਏ ਪ੍ਰੋਗਰਾਮ ਚ ਭਾਜਪਾ ਸਟੇਟ ਕਨਵੀਨਰ ਪੀ ਕੇ ਐਸ ਭਾਰਦਵਾਜ ਨੇ ਉਨ੍ਹਾਂ ਨੂੰ ਭਾਜਪਾ ਪਰਿਵਾਰ ਵਿਚ ਸ਼ਾਮਲ ਕੀਤਾ ਅਤੇ ਸਿਰੋਪਾਓ ਪਾ ਕੇ ਵਧਾਈ ਦਿੱਤੀ। ਇਸ ਮੌਕੇ ਨੌਨਿਹਾਲ ਸਿੰਘ, ਚੇਤਨ ਮੋਹਨ ਜੋਸ਼ੀ,ਭੁਪਿੰਦਰ ਸਿੰਘ ਵਾਲੀਆ,ਮੋਹਿੰਦਰ ਨਿਰਾਲਾ,ਇੰਦਰਜੀਤ ਹਾਜ਼ਰ ਸਨ। ਤੇਜੀ ਸੰਧੂ ਨੇ ਭਾਜਪਾ ਪਰਿਵਾਰ ਵਿਚ ਨਵੇਂ ਸ਼ਾਮਲ ਹੋਏ ਮੈਂਬਰਾਂ ਨੂੰ ਜੀ ਆਇਆ ਕਹਿੰਦੇ ਹੋਏ ਦਸਿਆ ਕਿ ਪੰਜਾਬ ਸਟੇਟ ਤੇ ਜ਼ਿਲ੍ਹਾ ਪੱਧਰ ਤੇ ਸਮੇਤ ਕਈ ਸਾਥੀ ਭਾਜਪਾ ਚ ਸ਼ਾਮਲ ਹੋਏ ਹਨ। ਇਸ ਮੌਕੇ ਭਾਜਪਾ ਸਟੇਟ ਕਨਵੀਨਰ ਪੀ ਕੇ ਐਸ ਭਾਰਦਵਾਜ ਨੇ ਪਾਰਟੀ ਵਿੱਚ ਸ਼ਾਮਿਲ ਹੋਏ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਨੌਜਵਾਨ ਨਸ਼ਿਆਂ ਤੋਂ ਦੂਰ ਰਹਿਣ ਤੇ ਦੇਸ਼ ਦੀ ਅਰਥ ਵਿਵਸਥਾ ਵਿੱਚ ਅਹਿਮ ਭੂਮਿਕਾ ਨਿਭਾਉਣ।ਇਸ ਮੌਕੇ ਡਾ ਜੇ ਐੱਸ ਮਾਨ,ਚੰਨਪ੍ਰੀਤ ਸਿੰਘ,ਗੁਰਦੀਪ ਸਿੰਘ,ਰਾਹੁਲ ਵਰਮਾ,ਸਾਹਿਬ ਸਿੰਘ,ਦਿਲਸ਼ਰਨ ਸਿੰਘ,ਪ੍ਰਤੀਕ,ਮੋਹਨਪ੍ਰੀਤ ਸਿੰਘ,ਮਨਦੀਪ ਸਿੰਘ,ਗੁਰਪ੍ਰੀਤ ਸਿੰਘ,ਰਾਜੂ, ਹੈਪੀ, ਕਮਲ,ਗੁਰਪ੍ਰੀਤ,ਦੀਪਕ ਤੇ ਹੋਰ ਸਾਥੀ ਹਾਜ਼ਰ ਸਨ।

# ਮਾਮਲਾ ਮੰਡਲ ਕਮਿਸ਼ਨਰ ਅਦਾਲਤ ਰੂਪਨਗਰ ਨੂੰ ਚੰਡੀਗੜ੍ਹ ਤਬਦੀਲ ਕਰਨ ਦਾ




ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਬਾਰ ਐਸੋਸੀਏਸਨ ਸ੍ਰੀ ਅਨੰਦਪੁਰ ਸਾਹਿਬ ਵਲੋਂ ਪ੍ਰਧਾਨ ਐਡ. ਦੌਲਤ ਸਿੰਘ ਚੱਬਰੇਵਾਲ ਦੀ ਅਗਵਾਈ ਹੇਠ ਇੱਕ ਰੋਜਾ ਹੜਤਾਲ ਕੀਤੀ ਗਈ।ਜਿਸ ਵਿੱਚ ਉਨ੍ਹਾਂ ਦੱਸਿਆ ਕਿ ਮੰਡਲ ਕਮਿਸਨਰ ਅਦਾਲਤ ਰੂਪਨਗਰ ਨੂੰ ਚੰਡੀਗੜ੍ਹ ਵਿਖੇ ਤਬਦੀਲ ਕੀਤੀ ਗਿਆ ਹੈ। ਜਿਸ ਦਾ ਸਮੂਹ ਵਕੀਲ ਭਾਈਚਾਰਾ ਵਿਰੋਧ ਕਰਦਾ ਹੈ।ਕਿਉਕਿ ਇਸ ਅਦਾਲਤ ਵਿੱਚ ਜਿਲ੍ਹਾ ਰੂਪਨਗਰ, ਨਵਾਸ਼ਹਿਰ ਅਤੇ ਮੁਹਾਲੀ ਦੇ ਜਮੀਨੀ ਅਤੇ ਹੋਰ ਮਾਮਲਿਆਂ ਦੀ ਸੁਣਵਾਈ ਹੁੰਦੀ ਸੀ। ਹੁਣ ਇਹਨਾ ਮਾਮਲਿਆ ਲਈ ਆਮ ਲੋਕਾਂ ਨੂੰ ਚੰਡੀਗੜ੍ਹ ਦੀ ਖੱਜਲ–ਖੁਆਰੀ ਦਾ ਸਾਹਮਣਾ ਕਰਨਾ ਪਵੇਗਾ।

ਉਹਨਾ ਕਿਹਾ ਕਿ ਸਤੰਬਰ 2023 ਵਿੱਚ ਇਸ ਅਦਾਲਤ ਵਿੱਚ ਸੁਣਵਾਈ ਬੰਦ ਹੋ ਚੁੱਕੀ ਸੀ। ਤੇ ਵਕੀਲ ਭਾਈਚਾਰਾ ਮੰਗ ਕਰਦਾ ਆ ਰਿਹਾ ਹੈ ਕਿ ਇਸ ਅਦਾਲਤ ਨੂੰ ਰੂਪਨਗਰ ਵਿਖੇ ਹੀ ਰਹਿਣ ਦਿੱਤਾ ਜਾਵੇ।ਉਹਨਾ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਆਪਣਾ ਇਹ ਫੈਸਲਾ ਨਾ ਬਦਲਿਆ ਤਾਂ ਸ੍ਰੀ ਅਨੰਦਪੁਰ ਸਾਹਿਬ ਦਾ ਵਕੀਲ ਭਾਈਚਾਰਾ ਹੋਰ ਵੱਡਾ ਫੈਸਲਾ ਵੀ ਲੈ ਸਕਦਾ ਹੈ।

ਇਸ ਮੌਕੇ ਜਗਦੀਪ ਸਿੰਘ ਮਿਨਹਾਸ, ਜਵਾਹਰ ਚੰਦਨ, ਸਿਧਾਰਥ ਸ਼ਰਮਾ, ਮੁਨੀਸ਼ ਸ਼ਰਮਾ, ਰਾਜ ਕੁਮਾਰ ਗੀਹਲ, ਦਵਿੰਦਰ ਭਗਤ, ਅਸ਼ੋਕ ਚੌਧਰੀ, ਦਵਿੰਦਰ ਚੌਧਰੀ, ਵਿਜੇ ਕੌਸਲ, ਗੁਰਪ੍ਰੀਤ ਸਿੰਘ, ਵਿਸ਼ਾਲ ਵਸ਼ਿਸ਼ਟ, ਸਚਿਨ ਕੌਸਲ, ਹਰੀਸ਼ ਚੇਤਲ, ਮੀਨਾ ਕਾਲੀਆ, ਸੁਜਾਨ ਬੱਗਾ, ਅਮਨਦੀਪ ਸਿੰਘ ਮਿਨਹਾਸ, ਪ੍ਰੇਮ ਕੁਮਾਰ ਉਪਲ, ਰਾਜੀਵ ਰਾਣਾ, ਮੁਨੀਸ਼ ਧਰਮਾਣੀ, ਪ੍ਰਦੀਪ ਚੇਚੀ, ਲਖਵਿੰਦਰ ਸੈਣੀ, ਵਿਕਰਮ ਠਾਕੁਰ, ਗੁਰਵਿੰਦਰ ਸਿੰਘ ਬਡਵਾਲ, ਹੁਸ਼ਿਆਰ ਸਿੰਘ ਲੌਂਗੀਆਂ, ਮੋਹਨ ਲਾਲ ਸੈਣੀ, ਇਸਮਾਇਲ ਖਾਨ, ਵਿਕਰਾਂਤ ਸਿੰਘ, ਵਿਸ਼ਾਲ ਸ਼ਰਮਾ, ਵਿਸ਼ਾਲ ਮਹਿਰਾ, ਵਿਸ਼ਾਲ ਰਾਣਾ ਸਮੇਤ ਵੱਡੀ ਗਿਣਤੀ ਵਿੱਚ ਵਕੀਰ ਭਾਈਚਾਰਾ ਹਾਜਰ ਸੀ।

# ਵਾਤਵਰਨ ਨੂੰ ਸ਼ੁੱਧ ਰੱਖਣ ਲਈ ਮਾਤਾ ਨਾਨਕੀ ਹਸਪਤਾਲ ਵਿਖੇ ਲਗਾਏ ਬੂਟੇ




ਸ੍ਰੀ ਅਨੰਦਪੁਰ ਸਾਹਿਬ,(ਦਵਿੰਦਰਪਾਲ ਸਿੰਘ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੁੱਖ ਖੇਤੀਬਾੜੀ ਅਫਸਰ ਰੂਪਨਗਰ ਗੁਰਬਖਸ਼ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਥੇ ਪੰਜਾਬ ਵਿੱਚ ਬੂਟੇ ਲਗਾਉਣ ਦੀ ਮੁਹਿੰਮ ਜੋਰਾਂ ਨਾਲ ਚੱਲ ਰਹੀ ਹੈ ਉਥੇ ਹੀ ਇਸੇ ਮੁਹਿੰਮ ਤਹਿਤ ਅੱਜ ਮਾਤਾ ਨਾਨਕੀ ਚੈਰੀਟੇਬਲ ਹਸਪਤਾਲ ਸ੍ਰੀ ਆਨੰਦਪੁਰ ਜੀ ਸਾਹਿਬ ਵਿਖੇ ਖੇਤੀਬਾੜੀ ਵਿਭਾਗ ਤੋਂ ਖੇਤੀਬਾੜੀ ਵਿਸਥਾਰ ਅਫਸਰ ਹਰਪ੍ਰੀਤ ਸਿੰਘ ਬੋਪਾਰਾਏ, ਰਾਜਕੁਮਾਰ ਅਤੇ ਵੀਰ ਚੰਦ ਵੱਲੋਂ ਵੱਖ-ਵੱਖ ਤਰਾਂ ਦੇ ਛਾਂਦਾਰ ਅਤੇ ਫ਼ਲਦਾਰ ਬੂਟੇ ਲਗਾਏ ਗਏ। ਇਸ ਮੌਕੇ ਅਫਸਰ ਹਰਪ੍ਰੀਤ ਸਿੰਘ ਨੇ ਬੂਟਿਆਂ ਦੀ ਸਾਂਭ ਸੰਭਾਲ ਬਾਰੇ ਦੱਸਿਆ ਅਤੇ ਅਪੀਲ ਕੀਤੀ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ।

# ਐਸ ਪੀ ਫਗਵਾੜਾ ਵਲੋ ਠੱਗੀ ਅਤੇ ਸਾਈਬਰ ਕਰਾਇਮ ਨੂੰ ਰੋਕਣ ਲਈ ਵਿੱਤੀ ਸਰਕਾਰੀ/ਪ੍ਰਾਈਵੇਟ ਅਦਾਰਿਆਂ (ਬੈਂਕਾ, ਪੈਟਰੋਲ ਪੰਪ, ਮਨੀਚੇਂਜਰ, ਵੈਸਟਰਨ ਯੂਨੀਅਨ, ਫਾਇਨਾਂਸਰਾਂ) ਦੇ ਮੈਨੇਜਰਾਂ/ਮਾਲਕਾਂ ਨਾਲ ਕੀਤੀ ਗਈ ਮੀਟਿੰਗ

ਫਗਵਾੜਾ (ਜੀਵਨ ਸੰਘਾ) ਸ੍ਰੀਮਤੀ ਰੁਪਿੰਦਰ ਕੌਰ ਭੱਟੀ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਹੋਇਆਂ ਦੱਸਿਆ ਕਿ ਉਹਨਾਂ ਵੱਲੋਂ ਸਮੇਤ ਦਲਜੀਤ ਸਿੰਘ ਉੱਪ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਵੱਲੋਂ ਸ਼ਹਿਰ ਫਗਵਾੜਾ ਵਿੱਚ ਪੈਂਦੇ ਵਿੱਤੀ ਸਰਕਾਰੀ/ਪ੍ਰਾਈਵੇਟ ਅਦਾਰਿਆਂ (ਬੈਂਕਾ, ਪੈਟਰੋਲ ਪੰਪ, ਮਨੀਚੇਂਜਰ, ਵੈਸਟਰਨ ਯੂਨੀਅਨ, ਫਾਇਨਾਂਸਰਾਂ) ਦੇ ਮੈਨੇਜਰਾਂ/ਮਾਲਕਾਂ ਨਾਲ ਅੱਜ-ਕੱਲ ਦੇ ਹਾਲਾਤਾਂ ਨੂੰ ਮੱਦੇਨਜਰ ਰੱਖਦੇ ਹੋਏ ਕਾਨਫਰੰਸ ਹਾਲ ਮਿਊਂਸੀਪਲ ਕਾਰਪੋਰੇਸ਼ਨ ਦਫਤਰ ਫਗਵਾੜਾ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਹਾਜਰ ਆਏ ਬੈਂਕਾਂ ਦੇ ਮੈਨੇਜਰ, ਪੈਟਰੋਲ ਪੰਪ, ਮਨੀਚੇਂਜਰ, ਵੈਸਟਰਨ ਯੂਨੀਅਨ ਅਤੇ ਫਾਇਨਾਂਸ ਦੀਆਂ ਦੁਕਾਨਾਂ ਦੇ ਮਾਲਕਾਂ/ਮੈਨੇਜਰਾਂ ਨੂੰ ਸੁਚੇਤ ਕਰਦੇ ਹੋਏ ਹਦਾਇਤ ਕੀਤੀ ਗਈ ਕਿ ਬੈਂਕਾਂ ਅਤੇ ਸਬੰਧਿਤ ਏ.ਟੀ. ਐਮਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਅਤੇ ਐਮਰਜੈਂਸੀ ਸਾਇਰਨ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ। ਜਿਹਨਾਂ ਬੈਂਕਾਂ ਵਿੱਚ ਸੁਰੱਖਿਆ ਗਾਰਡ ਬਿਨ੍ਹਾ ਹਥਿਆਰ ਤੋਂ ਹਨ, ਉਸ ਸਬੰਧੀ ਸਬੰਧਿਤ ਬੈਂਕ ਮੈਨੇਜਰ ਆਪਣੇ ਉੱਚ ਅਫਸਰ ਨਾਲ ਗੱਲ ਕਰਕੇ ਅਸਲੇ ਵਾਲੇ ਸਕਿਓਰਟੀ ਗਾਰਡ ਲਗਾਏਗਾ ਅਤੇ ਜਿਹੜੇ ਏ.ਟੀ.ਐਮ. ਵਿੱਚ ਸੁਰੱਖਿਆ ਗਾਰਡ ਹਨ, ਪਰ ਕੋਈ ਅਸਲਾ ਨਹੀਂ ਹੈ, ਉਹਨਾਂ ਸਬੰਧੀ ਵੀ ਸਬੰਧਿਤ ਬੈਂਕ ਦੇ ਮੈਨੇਜਰ ਅਸਲੇ ਵਾਲੇ ਸਕਿਓਰਟੀ ਗਾਰਡ ਲਗਾਉਣ ਦੇ ਜਿੰਮੇਵਾਰ ਹੋਣਗੇ। ਇਸ ਦੇ ਇਲਾਵਾ ਏ.ਟੀ.ਐਮਾਂ ਵਿੱਚ ਜਰੂਰਤ ਅਨੁਸਾਰ ਹੀ ਕੈਸ਼ ਪਾਇਆ ਜਾਵੇ ਤੇ ਉਸ ਦਾ ਰੋਜਾਨਾ ਹੀ ਬੈਂਕ ਪਾਸ ਰਿਕਾਰਡ ਹੋਣਾ ਜਰੂਰੀ ਹੋਵੇਗਾ ਕਰੰਸੀ ਚੈਸਟ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਜਦੋਂ ਵੀ ਉਹਨਾਂ ਨੇ ਸਬ ਡਵੀਜਨ ਫਗਵਾੜਾ ਦੇ ਏਰੀਆ ਵਿੱਚ ਕਿਸੇ ਬੈਂਕ/ਏ.ਟੀ. ਐਮ ਵਿੱਚ ਕੋਈ ਕੈਸ਼ ਪਾਉਣਾ ਹੋਵੇ ਜਾਂ ਉਹਨਾਂ ਵੱਲੋਂ ਕਿਧਰੇ ਕੈਸ਼ ਹੋਰ ਏਰੀਆ ਵਿੱਚ ਲੈ ਕੇ ਜਾਣਾ ਹੋਵੇ ਤਾਂ ਉਹ ਕੰਟਰੋਲ ਰੂਮ ਫਗਵਾੜਾ ਤੇ ਜਰੂਰ ਸੂਚਿਤ ਕਰਨ ਤਾਂ ਜੋ ਉਸ ਏਰੀਆ ਦੇ ਸਬੰਧਿਤ ਥਾਣਾ ਤੋਂ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। ਪੈਟਰੋਲ ਪੰਪ, ਮਨੀਚੇਂਜਰ, ਵੈਸਟਰਨ ਯੂਨੀਅਨ, ਫਾਇਨਾਂਸਰਾਂ ਦੇ ਮਾਲਕਾਂ/ਮੈਨੇਜਰਾਂ ਨੂੰ ਹਦਾਇਤ ਕੀਤੀ ਗਈ ਕਿ ਉਹਨਾਂ ਦੇ ਪੈਟਰੋਲ ਪੰਪ ਅਤੇ ਦਫਤਰਾਂ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ। ਇਸ ਦੇ ਇਲਾਵਾ ਉਹ ਆਪਣੇ ਪਾਸ ਜਰੂਰਤ ਅਨੁਸਾਰ ਹੀ ਕੈਸ਼ ਰੱਖਣ, ਗਤੀਵਿਧੀਆਂ ਸਾਹਮਣੇ ਆਉਂਦੀਆਂ ਹਨ ਤਾਂ ਉਹ ਸਬੰਧਿਤ




ਥਾਣਾ ਜਾਂ ਪੁਲਿਸ ਕੰਟਰੋਲ ਰੂਮ ਫਗਵਾੜਾ ਤੇ ਤੁਰੰਤ ਸੂਚਿਤ ਕਰਨ ਇਸ ਦੇ ਇਲਾਵਾ ਬੈਂਕ ਮੈਨੇਜਰ ਨੂੰ ਹਦਾਇਤ ਕੀਤੀ ਗਈ ਕਿ ਆਨ ਲਾਈਨ ਲੋਕਾਂ ਨਾਲ ਕਾਫੀ ਠੱਗੀ (ਸਾਈਬਰ ਕਰਾਇਮ) ਦੇ ਮਾਮਲੇ ਵਧਦੇ ਜਾ ਰਹੇ ਹਨ, ਜਿਸ ਨਾਲ ਆਮ ਪਬਲਿਕ ਨੂੰ ਕਾਫੀ ਵਿੱਤੀ ਨੁਕਸਾਨ ਹੋ ਰਿਹਾ ਹੈ, ਇਸ ਲਈ ਸਮੂਹ ਬੈਂਕ ਮੈਨੇਜਰ ਉਹਨਾਂ ਠੱਗੀ/ਸਾਈਬਰ ਕਰਾਇਮ ਦਾ ਸ਼ਿਕਾਰ ਹੋਏ ਲੋਕਾਂ ਨਾਲ ਹਲੀਮੀ ਨਾਲ ਪੇਸ਼ ਹੁੰਦੇ ਹੋਏ ਉਹਨਾਂ ਦੀ ਮੁਸ਼ਕਿਲ ਹੱਲ ਕਰਾਉਣ ਵਿੱਚ ਮੱਦਦ ਕਰਨ

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸੁਤੰਤਰਤਾ ਦਿਵਸ ਦੀਆਂ ਤਿਆਰੀਆਂ ਦੀ ਸਮੀਖਿਆ ਮੀਟਿੰਗ




ਲੁਧਿਆਣਾ, 18 ਜੁਲਾਈ (ਸੁਖਚੈਨ ਮਹਿਰਾ) - ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਸਰੀਨ ਵੱਲੋਂ ਅੱਜ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ 15 ਅਗਸਤ, 2024 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਮੈਦਾਨ ਵਿਖੇ ਹੋਣ ਵਾਲੇ ਸੁਤੰਤਰਤਾ ਦਿਵਸ ਸਮਾਰੋਹ ਦੇ ਪ੍ਰਬੰਧਾਂ ਦੀ ਤਿਆਰੀ ਲਈ ਮੀਟਿੰਗ ਕੀਤੀ।

ਸਥਾਨਕ ਬੱਚਤ ਭਵਨ ਵਿੱਚ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੇਜਰ ਸਰੀਨ ਨੇ ਕਿਹਾ ਕਿ 15 ਅਗਸਤ ਨੂੰ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਗੀਤ, ਲੋਕ ਨਾਚ ਜਾਂ ਕੋਰੀਓਗ੍ਰਾਫੀ ਦੇ ਨਾਲ-ਨਾਲ ਹੋਰ ਸੱਭਿਆਚਾਰਕ ਵੰਨਗੀਆਂ ਦੇਸ਼ ਭਗਤੀ ਦੇ ਜਜ਼ਬੇ ਤੇ ਆਧਾਰਿਤ ਅਤੇ ਨਾਲ ਹੀ ਦੇਸ਼ ਅਤੇ ਸੂਬੇ ਦੀ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦੀਆਂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਰਿਹਰਸਲ ਅਗਸਤ ਦੇ ਪਹਿਲੇ ਹਫ਼ਤੇ ਸ਼ੁਰੂ ਹੋ ਜਾਵੇਗੀ।

ਵਧੀਕ ਡਿਪਟੀ ਕਮਿਸ਼ਨਰ ਸਰੀਨ ਨੇ ਵੱਖ-ਵੱਖ ਵਿਭਾਗਾਂ ਨੂੰ ਵੱਖ-ਵੱਖ ਵਿਸ਼ਿਆਂ ਤੇ ਝਾਕੀ ਤਿਆਰ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ। ਉਨ੍ਹਾਂ ਨਗਰ ਨਿਗਮ ਨੂੰ ਇਹ ਵੀ ਕਿਹਾ ਕਿ ਉਹ ਸਮਾਗਮ ਵਾਲੀ ਥਾਂ ਤੇ ਜਾਣ ਵਾਲੀਆਂ ਸੜਕਾਂ ਦੀ ਸਫ਼ਾਈ ਯਕੀਨੀ ਬਣਾਉਣ ਅਤੇ ਭਾਗ ਲੈਣ ਵਾਲਿਆਂ ਲਈ ਆਰਜ਼ੀ ਅਤੇ ਮੋਬਾਈਲ ਪਖਾਨੇ ਬਣਾਉਣ। ਇਸੇ ਤਰ੍ਹਾਂ ਉਨ੍ਹਾਂ ਸਿਹਤ ਵਿਭਾਗ ਨੂੰ ਸਮਾਗਮ ਦੌਰਾਨ ਲੋੜੀਂਦੀਆਂ ਮੈਡੀਕਲ ਟੀਮਾਂ ਤਾਇਨਾਤ ਕਰਨ ਅਤੇ ਐਮਰਜੈਂਸੀ ਮੌਕੇ ਦਵਾਈਆਂ ਅਤੇ ਐਂਬੂਲੈਂਸ ਮੁਹੱਈਆ ਕਰਵਾਉਣ ਲਈ ਵੀ ਕਿਹਾ।

ਮੀਟਿੰਗ ਵਿੱਚ ਸੁਤੰਤਰਤਾ ਦਿਵਸ ਸਮਾਗਮਾਂ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਵੰਡ ਬਾਰੇ ਵੀ ਚਰਚਾ ਕੀਤੀ ਗਈ।

ਇਸ ਮੌਕੇ ਗਲਾਡਾ ਦੇ ਏ.ਸੀ.ਏ. ਓਜਸਵੀ ਅਲੰਕਾਰ, ਸਹਾਇਕ ਕਮਿਸ਼ਨਰ ਕ੍ਰਿਤਿਕਾ ਗੋਇਲ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਐਸਐਚਓ ਸ਼ੇਰਪੁਰ ਨੇ ਲੋਕਾਂ ਨੂੰ ਕੀਤਾ ਜਾਗਰੂਕ

## ਥਾਣਾ ਮੁੱਖੀ ਗੁਰਪਾਲ ਸਿੰਘ ਉਦਮਾਂ ਦੀ ਚੁਫੇਰਿਓਂ ਚਰਚਾ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਥਾਣਾ ਸ਼ੇਰਪੁਰ ਵਿਖੇ ਨਵੇਂ ਆਏ ਐਸਐਚਓ ਸਬ ਇੰਸਪੈਕਟਰ ਗੁਰਪਾਲ ਸਿੰਘ ਵੱਲੋਂ ਜਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਅਤੇ ਸਬ ਡਿਵੀਜ਼ਨ ਧੂਰੀ ਦੇ ਡੀਐਸਪੀ ਤਲਵਿੰਦਰ ਸਿੰਘ ਗਿੱਲ ਤੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਨੂੰ ਜੜੋਂ ਖਤਮ ਕਰਨ ਲਈ ਵਿੱਢੀ ਮੁਹਿਮ ਦੀ ਇਲਾਕੇ ਅੰਦਰ ਖ਼ੂਬ ਚਰਚਾ ਹੈ। ਦੱਸ ਦਈਏ ਕਿ ਜਿੱਥੇ ਬੀਤੇ ਦਿਨਾਂ ਦੌਰਾਨ ਉਨਾਂ ਵੱਲੋਂ ਟਰੈਫਿਕ ਸਮੱਸਿਆ ਨੂੰ ਕਾਫੀ ਹੱਦ ਤੱਕ ਕੰਟਰੋਲ ਕੀਤਾ ਹੈ ਉੱਥੇ ਆਮ ਰਾਹਗੀਰਾਂ ਨੂੰ ਸੁੱਖ ਦਾ ਸਾਂਹ ਵੀ ਮਿਲਿਆ। ਅੱਜ ਥਾਣਾ ਮੁਖੀ ਵੱਲੋਂ ਪਿੰਡ ਖੇੜੀ ਕਲਾਂ ਅਤੇ ਈਨਾ ਬਾਜਵਾ ਵਿਖੇ ਸੱਥਾਂ ਵਿੱਚ ਬੈਠੇ ਲੋਕਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਵਿਰੁੱਧ ਲਾਮਬੰਦ ਹੋਣ ਦਾ ਹੋਕਾ ਦਿੱਤਾ। ਅਤੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਇਹਨਾਂ ਮਾੜੀਆਂ ਅਲਾਮਤਾਂ ਨੂੰ ਖਤਮ ਕਰਨ ਲਈ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹੈ। ਕਿਉਂਕਿ ਲੋਕਾਂ ਦੇ ਸਹਿਯੋਗ ਨਾਲ ਹੀ ਆਪਾਂ ਸੋਹਣੇ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ। ਉਨਾਂ ਨਸ਼ਿਆਂ ਤੋਂ ਇਲਾਵਾ ਖਾਸ ਕਰਕੇ ਛੋਟੀ ਉਮਰ ਦੇ ਬੱਚਿਆਂ ਨੂੰ ਵਹੀਕਲਾਂ ਦੀ ਵਰਤੋਂ ਨਾ ਕਰਨ ਕਿਉਂਕਿ ਅੱਜ ਕੱਲ ਜਿਆਦਾਤਰ ਬੱਚੇ ਸੜਕ ਹਾਦਸਿਆਂ ਦਾ ਵੀ ਸ਼ਿਕਾਰ ਹੋ ਰਹੇ ਹਨ । ਉਹਨਾਂ ਟਰੈਫਿਕ ਦੇ ਨਿਯਮਾਂ ਸਬੰਧੀ ਵੀ ਲੋਕਾਂ ਨੂੰ ਜਾਗਰੂਕ ਕੀਤਾ। ਉਹਨਾਂ ਅੱਗੇ ਕਿਹਾ ਕਿ ਥਾਣਾ ਤੁਹਾਡਾ ਆਪਣਾ ਹੈ ਇਥੇ ਕੋਈ ਵੀ ਵਿਅਕਤੀ ਬਿਨਾਂ ਕਿਸੇ ਡਰ ਭੈ ਤੋਂ ਆਪਣੀ ਫਰਿਆਦ ਦੱਸ ਸਕਦਾ ਹੈ ਅਤੇ ਹਰ ਇੱਕ ਵਿਅਕਤੀ ਨੂੰ ਇਥੋਂ ਪੂਰਾ ਇਨਸਾਫ ਵੀ ਦਿੱਤਾ ਜਾਵੇਗਾ।ਉਹਨਾਂ ਅੱਗੇ ਦੱਸਿਆ ਕਿ ਪਿੰਡਾਂ ਦੀਆਂ ਸਮਾਜ ਸੇਵੀ ਸੰਸਥਾਵਾਂ, ਕਲੱਬਾਂ ਦਾ ਪੂਰਨ ਸਹਿਯੋਗ ਲਿਆ ਜਾਵੇਗਾ ਤਾਂ ਜੋ ਸ਼ੇਰਪੁਰ ਤੇ ਲੱਗੇ ਨਸ਼ਿਆਂ ਦੇ ਭੈੜੇ ਕਲੰਕ ਨੂੰ ਖਤਮ ਕੀਤਾ ਜਾ ਸਕੇ।ਉਨਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਦਾ ਸਾਥ ਦੇਣ ਤਾਂ ਜੋ ਆਪਾਂ ਰਲ ਮਿਲ ਕੇ ਮਾੜੀਆਂ ਮਾੜੀਆਂ ਬੁਰਾਈਆਂ ਤੋਂ ਦੂਰ ਕਰ ਸਕੀਏ।

# ਪੰਜਾਬ ਵਿਚ ਹਿੰਦੂ ਸਮਾਜ ਦੇ ਮੁੱਦਿਆਂ ਨੂੰ ਲੈ ਕੇ ਲਏ ਅਹਿਮ ਫੈਂਸਲੇ

ਅੰਮ੍ਰਿਤਸਰ (ਅਰਵਿੰਦਰ ਵੜੈਚ)- ਪੰਜਾਬ ਵਿਚ ਹਿੰਦੂਆਂ ਪ੍ਰਤੀ ਮੌਜੂਦਾ ਸਰਕਾਰ ਦੇ ਰਵਈਏ, ਹਿੰਦੂ ਲੀਡਰਾਂ ਤੇ ਹੋ ਰਹੇ ਜਾਨਲੇਵਾ ਹਮਲੇ ਤੇ ਹਿੰਦੂ ਸਮਾਜ ਦੇ ਵੱਖ-ਵੱਖ ਮੁੱਦਿਆਂ ਅਤੇ ਹਿੰਦੂ ਸ਼ਕਤੀ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਨ ਲਈ ਲੁਧਿਆਣਾ ਤੋਂ ਸ਼ੁਰੂ ਹੋਈ ਹਿੰਦੂਆਂ ਦੀ ਜਾਗੋ ਅੰਮ੍ਰਿਤਸਰ ਵਿਚ ਪੁੱਜੀ। ਜਿਸਦਾ ਅੰਮ੍ਰਿਤਸਰ ਦੇ ਸਮੂਹ ਹਿੰਦੂ ਨੇਤਾਵਾਂ ਵਲੋਂ ਸਵਾਗਤ ਕੀਤਾ ਗਿਆ। ਜਿਸ ਵਿਚ ਪੂਰੇ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿਚੋਂ ਹਿੰਦੂ ਨੇਤਾ ਜੈ ਗੋਪਾਲ ਲਾਲੀ, ਬਲਦੇਵ ਭਾਰਦਵਾਜ,ਕੌਸ਼ਲ ਕੁਮਾਰ ਸ਼ਰਮਾ, ਸੰਜੇ ਕੁਮਰੀਆਂ,ਸੁਖਦੇਵ ਸੰਧੂ,ਵਿਵੇਕ ਸਾਗਰ ਸੱਗੂ,ਸਚਿਨ ਬਹਿਲ,ਸੁਨੀਲ ਅਰੋੜਾ, ਹਰਦੀਪ ਹੈਪੀ,ਟੀਟੂ ਬੋਕਸਰ,ਮਨੋਜ ਕੁਮਾਰ ਡਿਪਟੀ,ਨਿਸ਼ਾਂਤ ਸ਼ਰਮਾ,ਸੰਜੀਵ ਘਨੌਲੀ, ਰਾਜੀਵ ਟੰਡਨ,ਇਸ਼ਾਂਤ ਸ਼ਰਮਾ,ਵਿਪਨ ਨਾਈਅਰ,ਪੰਕਜ ਦਵੇਸਰ,ਵਿਕਰਮ ਗੰਦੋਤਰਾ,ਅਨਿਲ ਟੰਡਨ,ਖੁਸ਼ਹਾਲ ਸ਼ਰਮਾ, ਰਾਜੇਸ਼ ਪੁਰੀ,ਹਰਵਿੰਦਰ ਸੋਨੀ,ਰਾਜੀਵ ਬੱਬਰ, ਅਮਿਤ ਗਰੋਵਰ,ਗਣੇਸ਼ ਕੁਮਾਰ ਹੈਪੀ,ਰਵੀ ਦੱਤਾ,ਵਿਸ਼ਾਲ ਦੱਤਾ,ਅੰਕਿਤ ਖੋਸਲਾ,ਰਜਿੰਦਰ ਸਹਿਦੇਵ,ਦੀਪਕ ਅਰੋੜਾ ਤੇ ਹੋਰ ਹਿੰਦੂ ਨੇਤਾ ਪਹੁੰਚੇ। ਸਮੂਹ ਹਿੰਦੂ ਨੇਤਾਵਾਂ ਨੇ ਸਾਂਝੇ ਤੌਰ ਤੇ ਕਿਹਾ ਕਿ ਪੰਜਾਬ ਵਿਚ ਹਿੰਦੂ ਸ਼ਕਤੀ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਨ ਲਈ ਲੁਧਿਆਣਾ ਸ਼ਹਿਰ ਤੋਂ ਹਿੰਦੂ ਜਾਗੋ ਦੀ ਸ਼ੁਰੂਆਤ ਹੋ ਚੁੱਕੀ ਹੈ ਤੇ ਅੰਮ੍ਰਿਤਸਰ ਗੁਰੂ ਨਗਰੀ ਵਿਚ ਜਾਗੋ ਪਹੁੰਚੀ ਹੈ। ਜਿਸਦੇ ਤਹਿਤ ਪੂਰੇ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿਚ ਹਿੰਦੂ ਸ਼ਕਤੀ ਨੂੰ ਮਜਬੂਤ ਕਰਨ ਲਈ ਹਿੰਦੂ ਸਮਾਗਮ ਕਰਵਾਏ ਜਾਣਗੇ,ਤਾਂ ਜੋ ਹਿੰਦੂ ਏਕਤਾ ਨੂੰ ਕਾਇਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਗੜਦੇ ਹਾਲਾਤਾਂ ਨੂੰ ਦੇਖਦੇ ਹੋਏ ਫਗਵਾੜਾ ਵਿਖੇ ਹੋਣ ਜਾ ਰਹੀ ਅਗਲੀ ਮੀਟਿੰਗ ਵਿਚ ਹਿੰਦੂ ਕੋਰ ਕਮੇਟੀ ਦਾ ਐਲਾਨ ਕਰ ਦਿੱਤਾ ਜਾਵੇਗਾ। ਜਿਸ ਸਬੰਧੀ ਅੱਜ ਸਮੂਹ ਨੇਤਾਵਾਂ ਵਲੋਂ ਵਿਚਾਰ ਕੀਤੇ ਗਏ ਹਨ ਅਤੇ ਵੱਖ-ਵੱਖ ਮੁੱਦਿਆਂ ਤੇ ਮਤਾ ਪਾਸ ਕੀਤਾ ਗਿਆ ਹੈ। ਨੇਤਾਵਾਂ ਨੇ ਕਿਹਾ ਕਿ ਪੰਜਾਬ ਵਿਚ ਹਿੰਦੂ ਲੀਡਰਾਂ ਤੇ ਹੋ ਹਮਲੇ ਪੰਜਾਬ ਦੀ ਮੌਜੂਦਾ ਸਰਕਾਰ ਦੀ ਨਾਕਾਮੀ ਦਾ ਨਤੀਜਾ ਹੈ, ਜਿਸਨੂੰ ਦੇਖਦੇ ਹੋਏ ਹਿੰਦੂ ਲੀਡਰਾਂ ਨੂੰ ਸੁਚੇਤ ਰਹਿਣ ਅਤੇ ਆਪਣੀ ਸੁਰੱਖਿਆ ਖੁਦ ਕਰਨ ਦਾ ਸੰਦੇਸ਼ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦਿਨ ਦਿਹਾੜੇ ਸੁਰੱਖਿਆ ਦੀ ਮੌਜੂਦਗੀ ਵਿਚ ਹੀ ਹਿੰਦੂ ਲੀਡਰਾਂ ਤੇ ਹਮਲੇ ਹੋ ਰਹੇ ਹਨ। ਜਿਸਤੋਂ ਸਾਫ ਜਾਹਿਰ ਹੁੰਦਾ ਹੈ ਕਿ ਕੁਝ ਸ਼ਰਾਰਤੀ ਲੋਕ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਵਿਚ ਹਿੰਦੂ ਲੀਡਰਾਂ ਤੇ ਹਮਲੇ ਕਰ ਕੇ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰਨਾ ਚਾਹੁੰਦੇ ਹਨ। ਜੋ ਸਮੂਹ ਹਿੰਦੂ ਲੀਡਰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਅੱਜ ਦੇ ਹਿੰਦੂ ਸੰਮੇਲਨ ਵਿਚ ਸਮੂਹ ਨੇਤਾਵਾਂ ਨੇ ਪ੍ਰਣ ਕੀਤਾ ਹੈ ਕਿ ਪੰਜਾਬ ਦੀ ਅਮਨ ਸ਼ਾਂਤੀ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ ਇਕਜੁਟ ਹੋ ਕੇ ਲੜਾਈ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਹਿੰਦੂ ਲੀਡਰਾਂ ਤੇ ਹੋਏ ਹਮਲਿਆਂ ਤੋਂ ਬਾਅਦ ਨਾ ਤਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਨਾ ਹੀ ਆਮ ਆਦਮੀ ਪਾਰਟੀ ਦੇ ਕਿਸੇ ਵਿਧਾਇਕ, ਮੰਤਰੀ ਨੇ ਹਮਲਿਆਂ ਦੀ ਨਿੰਦਾ ਕੀਤੀ ਹੈ। ਜਿਸ ਤੋਂ ਸਾਫ ਹੋ ਜਾਂਦਾ ਹੈ ਕਿ ਆਮ ਆਦਮੀ ਪਾਰਟੀ ਹਿੰਦੂ ਵਿਰੋਧੀ ਹੈ ਅਤੇ ਪੰਜਾਬ ਵਿਚ ਹਿੰਦੂਆਂ ਨੂੰ ਦਬਾਉਣ ਦੀ ਸਾਜਿਸ਼ ਰਚੀ ਜਾ ਰਹੀ ਹੈ। ਹਿੰਦੂ ਨੇਤਾਵਾਂ ਨੇ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਚੋਣਾਂ ਵਿਚ ਹਿੰਦੂ ਸਮਾਜ ਦੇ ਲੋਕ ਇੱਕਤਰਫਾ ਵੋਟ ਪਾ ਕੇ ਹਿੰਦੂਆਂ ਨੂੰ ਦਬਾਉਣ ਵਾਲੀ ਸਰਕਾਰਾਂ ਨੂੰ ਮੂੰਹ ਤੋੜ ਜਵਾਬ ਦੇਣਗੇ। ਹਿੰਦੂ ਨੇਤਾਵਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿਚ ਹਿੰਦੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਠੋਸ ਕਦਮ ਚੁੱਕੇ ਜਾਣ ਅਤੇ ਜਿਹੜੇ ਹਿੰਦੂ ਲੀਡਰਾਂ ਨੂੰ ਸ਼ਰਾਰਤੀ ਲੋਕ ਟਾਰਗੇਟ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹਨਾਂ ਨੇਤਾਵਾਂ ਦੀ ਸੁਰੱਖਿਆ ਕੀਤੀ ਜਾਵੇ ਅਤੇ ਪੰਜਾਬ ਵਿਚ ਅਮਨ ਸ਼ਾਂਤੀ ਦਾ ਮਾਹੌਲ ਬਣਾਉਣ ਲਈ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ ਜਾਵੇ। ਇਸ ਮੌਕੇ ਸੰਦੀਪ ਪਾਠਕ, ਕੁਲਦੀਪ ਸੋਨੀ, ਪਰਵੀਨ ਮਦਾਨ, ਗਗਨ ਪਲਾਜਾ, ਰਜਿੰਦਰ ਬੰਸਲ, ਮਹੇਸ਼ ਦੱਤ, ਨੀਰਜ ਵਰਮਾ, ਰੋਹਿਤ ਸਾਹਨੀ, ਮਿੱਕੀ ਪੰਡਿਤ, ਨੀਤੀਸ਼ ਨਾਰੰਗ, ਅਰੁਣ ਖੁਰਮੀ, ਸੰਦੀਪ ਸੋਨੂੰ, ਪਵਨ ਮਾਨ, ਭਾਨੂ ਪ੍ਰਤਾਪ, ਸੁਮੀਤ ਜਸੂਜਾ, ਨੀਰਜ ਚੋਪੜਾ, ਦਿਨੇਸ਼ ਕਾਲੀਆਂ, ਅਸ਼ਵਨੀ ਚੋਪੜਾ, ਰਿਤਿਕ ਗਰੋਵਰ, ਸੁਰਿੰਦਰ ਮਿਨਹਾਸ, ਰੋਹਿਤ ਜੋਸ਼ੀ, ਇੰਦਰਜੀਤ ਕਰਵਲ, ਸਚਿਨ ਘਨੌਲੀ ਆਦਿ ਹਾਜਰ ਸਨ।



## ਭੜਕਾਊ ਨਾਅਰੇਬਾਜ਼ੀ ਕਰਕੇ ਕਾਨਪੁਰ ਦਾ ਮਾਹੌਲ ਖ਼ਰਾਬ ਕਰਨ ਦੇ ਦੋਸ਼ ਹੇਠ 50 ਖ਼ਿਲਾਫ਼ ਐਫ.ਆਈ.ਆਰ

### 3 ਦਿਨ ਪਹਿਲਾਂ ਜੂਹੀ ਥਾਣਾ ਖੇਤਰ ਚ ਭੜਕਾਊ ਨਾਅਰੇਬਾਜ਼ੀ ਹੋਈ ਸੀ, ਜਾਂਚ ਤੋਂ ਬਾਅਦ ਪੁਲਸ ਨੇ ਐੱਫ.ਆਈ.ਆਰ.

ਕਾਨਪੁਰ (ਸੁਨੀਲ ਬਾਜਪਾਈ) ਭੜਕਾਊ ਨਾਅਰੇਬਾਜ਼ੀ ਕਰਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰਨ ਵਾਲੇ 50 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ, ਜਿਸ ਤੋਂ ਬਾਅਦ ਪੁਲੀਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਦੱਸ ਦੇਈਏ ਕਿ ਜੂਹੀ ਪਰਮਪੁਰਵਾ ਵਿੱਚ 15 ਜੁਲਾਈ ਦੀ ਰਾਤ ਨੂੰ ਮੋਹਰਮ ਦਾ ਜਲੂਸ ਕੱਢਿਆ ਜਾ ਰਿਹਾ ਸੀ। ਅਗਲੇ ਹੀ ਦਿਨ ਜਲੂਸ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਗਈ। ਜਲੂਸ ਵਿੱਚ ਸ਼ਾਮਲ ਭੀੜ ਨਾਅਰੇ ਲਗਾ ਰਹੀ ਸੀ ਕਿ ਜੇ ਅਸੀਂ ਹਿੰਦੁਸਤਾਨ ਵਿੱਚ ਰਹਿੰਦੇ ਹਾਂ ਤਾਂ ਸਾਨੂੰ ਅੱਲ੍ਹਾ ਓ ਅਕਬਰ ਕਹਿਣਾ ਚਾਹੀਦਾ ਹੈ.




ਜੂਹੀ ਪੁਲੀਸ ਨੇ ਇਸ ਮੁਹੱਰਮ ਦੇ ਜਲੂਸ ਵਿੱਚ ਭੜਕਾਊ ਨਾਅਰੇਬਾਜ਼ੀ ਕਰਨ ਦੇ ਦੋਸ਼ ਵਿੱਚ ਜਲੂਸ ਦੇ ਪ੍ਰਬੰਧਕ ਅਨੀਸ ਅੰਸਾਰੀ ਉਰਫ਼ ਅਨੂੰ ਅਤੇ ਜਲੂਸ ਵਿੱਚ ਸ਼ਾਮਲ 50 ਲੋਕਾਂ ਖ਼ਿਲਾਫ਼ ਧਾਰਮਿਕ ਜਨੂੰਨ ਫੈਲਾਉਣ, ਆਈਟੀ ਐਕਟ ਅਤੇ ਹੋਰ ਗੰਭੀਰ ਧਾਰਾਵਾਂ ਤਹਿਤ ਐਫਆਈਆਰ ਦਰਜ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ 15 ਜੁਲਾਈ ਨੂੰ ਮੁਹੱਰਮ ਦੇ ਜਲੂਸ ਦੌਰਾਨ ਮਾਹੌਲ ਖ਼ਰਾਬ ਕਰਨ ਵਾਲੇ ਵਿਵਾਦਤ ਨਾਅਰੇ ਲਾਉਣ ਨਾਲ ਸ਼ਹਿਰ ਦਾ ਮਾਹੌਲ ਖ਼ਰਾਬ ਹੋ ਸਕਦਾ ਹੈ। ਇਸ ਕਾਰਨ ਪੁਲੀਸ ਕਮਿਸ਼ਨਰ ਨੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਹੈ। ਹੁਣ ਵਾਇਰਲ ਵੀਡੀਓ ਅਤੇ ਸੀਸੀਟੀਵੀ ਫੁਟੇਜ ਤੋਂ ਨਾਅਰੇਬਾਜ਼ੀ ਕਰਨ ਵਾਲੇ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋ ਤਿਮਾਹੀ ਮੀਟਿੰਗ ਦਾ ਆਯੋਜਨ

ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਬੀ. ਬੀ. ਐਸ ਤੇਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਅਗਵਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਦੀ ਤਿਮਾਹੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਪੂਨਮਦੀਪ ਕੌਰ ਮਾਨਯੋਗ ਡਿਪਟੀ ਕਮਿਸ਼ਨਰ ਬਰਨਾਲਾ, ਸੰਦੀਪ ਕੁਮਾਰ ਮਲਿਕ ਮਾਨਯੋਗ ਐਸ. ਐਸ ਪੀ. ਬਰਨਾਲਾ, ਬਿਕਰਮਜੀਤ ਸਿੰਘ ਮਾਨਯੋਗ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਕਪਿਲ ਦੇਵ ਸਿੰਗਲਾ ਮਾਨਯੋਗ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਗੁਰਬੀਰ ਸਿੰਘ ਮਾਨਯੋਗ ਸਿਵਲ ਜੱਜ (ਸ. ਡ. ), ਮਦਨ ਲਾਲ ਮਾਨਯੋਗ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਨੀਸ਼ ਗਰਗ ਮਾਨਯੋਗ ਸੀ. ਜੇ. ਐਮ, ਜਸਵਿੰਦਰ ਢਿੱਲੋਂ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਰਨਾਲਾ, ਕੁਲਵਿੰਦਰ ਸਿਘ ਸੁਪਰਡੈਂਟ ਜ਼ਿਲ੍ਹਾ ਜੇਲ ਬਰਨਾਲਾ, ਰੁਪਿੰਦਰ ਸੰਧੂ ਐਡਵੋਕੇਟ ਮੈਂਬਰ ਅਤੇ ਅਜੀਤ ਸਿੰਘ ਜੰਗਲਾਤ ਅਫ਼ਸਰ ਮੌਜੂਦ ਸਨ। ਬੀ. ਬੀ. ਐਸ ਤੇਜੀ, ਮਾਨਯੋਗ ਸੈਸ਼ਨਜ਼ ਜੱਜ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਬਰਨਾਲਾ ਵੱਲੋਂ ਪਿਛਲੀਆਂ ਦੋ ਤਿਮਾਹੀਆਂ ਦੌਰਾਨ ਕੁੱਲ 370 ਵਿਅਕਤੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਸਕੀਮ ਅਧੀਨ ਵਕੀਲ ਮੁਹੱਈਆ ਕਰਵਾਏ ਗਏ। ਇਸਤੋਂ ਇਲਾਵਾਂ ਮਿਤੀ 09. 03. 2024 ਅਤੇ 11. 05. 2024 ਨੂੰ ਕੌਮੀ ਲੋਕ ਅਦਾਲਤਾ ਦਾ ਆਯੋਜਨ ਕੀਤਾ ਗਿਆ ਜਿਨ੍ਹਾਂ ਵਿੱਚ ਕ੍ਰਮਵਾਰ 5105 ਅਤੇ 4882 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ ਐਸ. ਨਗਰ ਦੀਆਂ ਸਕੀਮਾਂ ਨਾਲ ਸਬੰਧਿਤ 155 ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ ਅਤੇ ਜਿਸ ਨਾਲ ਤਕਰੀਬਨ 15000 ਲੋਕਾਂ ਨੂੰ ਫਾਇਦਾ ਮਿਲਿਆ। ਉਨ੍ਹਾਂ ਦੱਸਿਆ ਕਿ ਮਿਤੀ 14. 09. 2024 ਅਤੇ 14. 12. 2024 ਨੂੰ ਅਗਲੀਆਂ ਕੌਮੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਜਾਣਾ ਹੈ ਅਤੇ ਉਨ੍ਹਾਂ ਹਾਜ਼ਰ ਮੈਂਬਰਾਨ ਨੂੰ ਅਪੀਲ ਕੀਤੀ ਕਿ ਇਨ੍ਹਾਂ ਕੌਮੀ ਲੋਕ ਅਦਾਲਤਾ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਅੰਤ ਵਿੱਚ ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲ ਜੁਲਾਈ ਤੋਂ ਸਤੰਬਰ 2024 ਤੱਕ ਰੁੱਖ ਲਗਾਓ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਵਿੱਚ ਜ਼ਿਲ੍ਹਾ ਬਰਨਾਲਾ ਦੇ ਵੱਖ ਵੱਖ ਥਾਵਾਂ ਤੇ ਬੂਟੇ ਲਗਾਏ ਜਾਣੇ ਹਨ। ਉਨ੍ਹਾਂ ਦੱਸਿਆ ਕਿ ਮਿਤੀ 19. 07. 2024 ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲੋਂ ਵਣ ਵਿਭਾਗ ਬਰਨਾਲਾ ਦੇ ਸਹਿਯੋਗ ਨਾਲ ਜ਼ਿਲ੍ਹਾ ਕੋਰਟ ਕੰਪਲੈਕਸ ਬਰਨਾਲਾ ਵਿਖੇ ਇੱਕ ਸਟਾਲ ਲਗਾਈ ਜਾਣੀ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਮੁਹਿੰਮ ਵਿੱਚ ਹਿੱਸਾ ਲੈਣ ਅਤੇ ਵੱਧ ਤੋਂ ਵੱਧ ਰੁੱਖ ਲਗਾਏ ਜਾ ਸਕਣ।



# ਸ਼੍ਰੌਮਣੀ ਕਮੇਟੀ ਵੱਲੋਂ ਖਾਲੀ ਛੱਡੀ ਥਾਂ ਬਣੀ ਕੂੜੇ ਦਾ ਡੰਪ

## ਕੱਚ ਪਲਾਸਟਿਕ ਚੁਗਣ ਵਾਲੇ ਉਡਾ ਰਹੇ ਨੇ ਕੌਂਸਲ ਦੇ ਸਫਾਈ ਦੇ ਪ੍ਰਬੰਧਾਂ ਦੀਆਂ ਧੱਜੀਆਂ

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਸ਼੍ਰੌਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਲਾਗੇ ਬਣਾਈ ਮਾਰਕੀਟ ਨੂੰ ਆਉਣ ਜਾਣ ਵਾਸਤੇ ਰਸਤੇ ਲਈ ਛੱਡੀ ਖਾਲੀ ਥਾਂ ਨੂੰ ਸ਼ਹਿਰ ਵਾਸੀਆਂ ਵੱਲੋਂ ਕੂੜਾ ਡੰਪ ਵਜੋਂ ਵਰਤਿਆ ਜਾ ਰਿਹਾ ਹੈ। ਜਿੱਥੇ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਆਪਣੀਆਂ ਦੁਕਾਨਾਂ ਅਤੇ ਘਰਾਂ ਦਾ ਕੂੜਾ ਸ਼ਰੇਆਮ ਸੁੱਟਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਖਾਲਸਾ ਪੰਥ ਦੇ 300 ਸਾਲਾਂ ਸਥਾਪਨਾ ਦਿਵਸ ਮੌਕੇ ਗੁਰਦੁਆਰਾ ਸੀਸ ਗੰਜ ਸਾਹਿਬ ਲਾਗੇ 16 /17 ਦੇ ਕਰੀਬ ਦੁਕਾਨਾਂ ਬਣਾ ਕੇ ਮਾਰਕੀਟ ਬਣਾਈ ਗਈ ਸੀ। ਜਿਸ ਚ ਆਉਣ ਜਾਣ ਲਈ ਅਤੇ ਮਾਰਕੀਟ ਨੂੰ ਮੇਨ ਬਜ਼ਾਰ ਨਾਲ ਜੋੜਨ ਲਈ ਰਸਤਾ ਰੱਖਦੇ ਹੋਏ ਥੋੜ੍ਹੀ ਕੁ ਥਾਂ ਖਾਲੀ ਛੱਡ ਦਿੱਤੀ ਗਈ। ਜਿੱਥੇ ਸ਼ਹਿਰ ਵਾਸੀਆਂ ਤੋਂ ਇਲਾਵਾ ਸ਼੍ਰੌਮਣੀ ਕਮੇਟੀ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਲਾਗੇ ਬਣਾਈ ਰਿਹਾਇਸ਼ੀ ਕਲੋਨੀ ਦੇ ਵਿੱਚ ਰਹਿ ਰਹੇ ਮੁਲਾਜ਼ਮਾਂ ਵੱਲੋਂ ਵੀ ਉਕਤ ਖਾਲੀ ਥਾਂ ਵਿੱਚ ਦੇਰ ਸਵੇਰ ਕੂੜਾ ਸੁੱਟਿਆ ਜਾ ਰਿਹਾ ਹੈ। ਇਹ ਵੀ ਦੱਸਣਯੋਗ ਹੈ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਵਾਸੀਆਂ ਨੂੰ ਇੱਥੇ ਕੂੜਾ ਨਾ ਸੁੱਟਣ ਦੀ ਅਪੀਲ ਅਤੇ ਜੁਰਮਾਨਾ ਕਰਨ ਦਾ ਇਸ਼ਤਿਹਾਰ ਵੀ ਲਗਾਇਆ ਹੋਇਆ ਹੈ ਜਿਸਦਾ ਲੋਕਾਂ ਤੇ ਕੋਈ ਅਸਰ ਹੁੰਦਾ ਦਿਖਾਈ ਨਹੀ ਦੇ ਰਿਹਾ ਹੈ। ਹੋਰ ਤਾਂ ਹੋਰ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਵੀ ਸਫਾਈ ਦੇ ਪ੍ਰਬੰਧਾ ਨੂੰ ਲੈ ਕੇ ਵੀ ਵੱਡੇ ਪੱਧਰ ਤੇ ਅਵੇਸਲਾਪਣ ਵਰਤਿਆ ਜਾ ਰਿਹਾ ਹੈ। ਰੋਜ਼ਾਨਾ ਦੇਰੀ ਨਾਲ ਕੂੜਾ ਚੁੱਕਣ ਕਾਰਨ ਅਕਸਰ ਸਵੇਰੇ ਕੂੜੇ ਚੋ ਕੱਚ ਅਤੇ ਪਲਾਸਟਿਕ ਚੁੱਕਣ ਵਾਲੇ ਕੂੜੇ ਨੂੰ ਬੂਰੀ ਤਰਾਂ ਨਾਲ ਖਿਲਾਰ ਦਿੰਦੇ ਹਨ ਜਿਸ ਕਾਰਨ ਕੂੜੇ ਚੋ



ਉਠਦੀ ਬਦਵੂ ਕਾਰਨ ਜਿੱਥੇ ਆਸਪਾਸ ਦੇ ਦੁਕਾਨਦਾਰਾਂ ਨੂੰ ਦੁਕਾਨਾਂ ਵਿੱਚ ਬੈਠਣ ਲਈ ਔਖਾ ਹੋਣਾ ਪੈ ਰਿਹਾ ਹੈ ਉਥੇ ਹੀ ਇੱਥੋ ਲੰਘਣ ਵਾਲਿਆਂ ਨੂੰ ਵੀ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# VSSL ਨੇ ਪਿੰਡ ਮਲਕਪੁਰ ਲੁਧਿਆਣਾ ਵਿਖੇ DMC ਹਸਪਤਾਲ ਦੇ ਸਹਿਯੋਗ ਨਾਲ 44 ਕਿਸਮਾਂ ਦੇ 10,000 ਪੌਦਿਆਂ ਦੀ CSR ਪਹਿਲਕਦਮੀ ਪ੍ਰੋਜੈਕਟ ਪ੍ਰਕ੍ਰਿਤੀ ਦੇ ਨਾਲ ਇੱਕ ਏਕੜ ਮਿਆਵਾਕੀ ਜੰਗਲ ਦਾ ਵਿਕਾਸ ਕੀਤਾ।



ਲੁਧਿਆਣਾ (ਸੁਖਚੈਨ ਮਹਿਰਾ)ਪਿੰਡ ਮਲਕਪੁਰ ਵਿਖੇ ਸ੍ਰੀ ਸਚਿਤ ਜੈਨ ਵਾਈਸ ਚੇਅਰਮੈਨ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਵੱਲੋਂ ਸਮੁੱਚੇ ਡੀ.ਐਮ.ਸੀ ਮੈਨੇਜਮੈਂਟ ਨਾਲ ਬੂਟਾ ਲਾਇਆ ਗਿਆ। ਸ੍ਰੀ ਸਚਿਤ ਜੈਨ ਨੇ ਵਰਧਮਾਨ ਨੂੰ ਅਜਿਹੇ ਨੇਕ ਮਕਸਦ ਲਈ ਇੱਕ ਏਕੜ ਜ਼ਮੀਨ ਦੇਣ ਲਈ ਡੀਐਮਸੀ ਟੀਮ ਦਾ ਧੰਨਵਾਦ ਕੀਤਾ। ਇਹ ਲੁਧਿਆਣਾ ਵਿੱਚ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਦੁਆਰਾ ਬਣਾਏ ਗਏ 6 ਜੰਗਲ ਹਨ ਅਤੇ ਉਹ ਆਪਣੀ 1000 ਏਕੜ ਜੰਗਲ ਦੀ ਵਚਨਬੱਧਤਾ ਵੱਲ ਅੱਗੇ ਵਧ ਰਹੇ ਹਨ। ਸ੍ਰੀ ਜੈਨ ਨੇ ਈਕੋ ਸਿੱਖ ਟੀਮ ਅਤੇ ਟ੍ਰੀ ਏਟੀਐਮ ਟੀਮ ਅਤੇ ਮਾਰਸ਼ਲ ਸਹਾਇਤਾ ਫਾਊਂਡੇਸ਼ਨ ਦਾ ਧੰਨਵਾਦ ਕੀਤਾ ਕਿ ਉਹ ਇਸ ਪ੍ਰੋਜੈਕਟ ਨੂੰ ਲਾਗੂ ਕਰਨ ਅਤੇ ਸਾਰਿਆਂ ਨੂੰ ਅੱਗੇ ਵਧਾਉਣ ਲਈ ਸਹਿਯੋਗ ਦੇਣ। ਸਹਿਯੋਗ।

# 19 ਜੁਲਾਈ ਨੂੰ ਗੁਰਦੁਆਰਾ ਸਿੰਘ ਸਭਾ ਹਾਲ ਨੇੜੇ ਸੁਸਾਇਟੀ ਬੈਂਕ ਮੱਲੂ ਪੋਤਾ ਵਿਖੇ ''ਸਰਕਾਰ ਆਪ ਕੇ ਦੁਆਰ'' ਤਹਿਤ ਲਗਾਇਆ ਜਾਵੇਗਾ ਕੈਂਪ: ਉਪ ਮੰਡਲ ਮੈਜਿਸਟਰੇਟ ਬੰਗਾ



ਬੰਗਾ, 18 ਜੁਲਾਈ 2024:- ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਆਦੇਸ਼ਾਂ ਅਨੁਸਾਰ ਸਰਕਾਰ ਆਪ ਕੇ ਦੁਆਰ ਸਬੰਧੀ 19 ਜੁਲਾਈ 2024 ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਹਾਲ ਨੇੜੇ ਸੁਸਾਇਟੀ ਬੈਂਕ ਮੱਲੂ ਪੋਤਾ ਵਿਖੇ ਕੈਂਪ ਲਗਾਇਆ ਜਾਵੇਗਾ। ਇਹ ਜਾਣਕਾਰੀ ਉਪ ਮੰਡਲ ਮੈਜਿਸਟਰੇਟ ਬੰਗਾ ਵਿਕਰਮਜੀਤ ਸਿੰਘ ਪਾਂਥੇ ਨੇ ਦਿੰਦਿਆ ਦੱਸਿਆ ਕਿ ਇਸ ਕੈਪ ਵਿੱਚ ਆਮ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੁਣ ਕੇ ਮੌਕੇ 'ਤੇ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਸੇਵਾ ਕੇਂਦਰ, ਤਹਿਸੀਲ, ਸਿਹਤ ਵਿਭਾਗ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਪਾਵਰ ਕਾਮ, ਕਿਰਤ ਵਿਭਾਗ, ਪੁਲਿਸ ਵਿਭਾਗ, ਜ਼ਿਲ੍ਹਾ ਭਲਾਈ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ, ਆਦਿ ਸ਼ਾਮਲ ਹੋਣਗੇ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਵਾਉਣ।

# ਇਨਰ ਵ੍ਹੀਲ ਪੰਚਕੂਲਾ ਸੈਂਟਰ ਨੇ ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਨੂੰ ਪੱਖੇ ਦਾਨ ਕੀਤੇ

## ਹਰੀ ਭਰੀ ਧਰਤੀ ਦਾ ਸੁਨੇਹਾ ਦਿੰਦੇ ਪੌਦੇ ਵੰਡੇ

### ਵਿਦਿਆਰਥੀਆਂ ਨੂੰ ਗੁੱਡ ਟੱਚ ਅਤੇ ਬੈੱਡ ਟੱਚ ਬਾਰੇ ਜਾਗਰੂਕ ਕੀਤਾ

ਚੰਡੀਗੜ੍ਹ (ਅੰਜੂ ਮੌਦਗਿਲ, ) ਇਨਰ ਵ੍ਹੀਲ ਪੰਚਕੂਲਾ ਸੈਂਟਰ ਨੇ ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਐਮ.ਡੀ.ਏ.ਵੀ ਭਵਨ, ਦਰੀਆ, ਚੰਡੀਗੜ੍ਹ ਨੂੰ ਦੋ ਪੱਖੇ ਭੇਂਟ ਕੀਤੇ। ਪ੍ਰੋਗਰਾਮ ਦਾ ਉਦਘਾਟਨ ਇਨਰ ਵ੍ਹੀਲ ਪੰਚਕੂਲਾ ਸੈਂਟਰ ਦੇ ਪ੍ਰਧਾਨ ਬੇਨੂ ਰਾਓ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਉਨ੍ਹਾਂ ਸਕੂਲ ਦੀ ਵਾਈਸ ਪ੍ਰਿੰਸੀਪਲ ਅੰਜੂ ਮੌਦਗਿਲ ਨੂੰ ਦੋ ਪੱਖੇ ਭੇਟ ਕੀਤੇ। ਉਨ੍ਹਾਂ ਹਰੀ ਭਰੀ ਧਰਤੀ ਦਾ ਸੁਨੇਹਾ ਦਿੰਦਿਆਂ ਸਕੂਲ ਵਿੱਚ ਬੂਟੇ ਵੀ ਵੰਡੇ। ਉਨ੍ਹਾਂ ਬੱਚਿਆਂ ਨੂੰ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।

ਪ੍ਰੋਗਰਾਮ ਦੌਰਾਨ ਉਨ੍ਹਾਂ ਵਿਦਿਆਰਥੀਆਂ ਨੂੰ ਗੁੱਡ ਟੱਚ ਅਤੇ ਬੈਡ ਟੱਚ ਬਾਰੇ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਤੁਹਾਨੂੰ ਕਿਸੇ ਦੁਆਰਾ ਛੂਹਣਾ ਪਸੰਦ ਨਹੀਂ ਹੁੰਦਾ ਜਾਂ ਤੁਸੀਂ ਅਸਹਿਜ ਅਤੇ ਡਰ ਮਹਿਸੂਸ ਕਰਦੇ ਹੋ, ਤਾਂ ਉਹ ਬੁਰਾ ਅਹਿਸਾਸ ਹੈ। ਸਿਰਫ਼ ਮਰਦ-ਔਰਤ ਵਿਚ ਕੋਈ ਫ਼ਰਕ ਨਹੀਂ ਹੈ ਪਰ ਇਸ ਵਿਚ ਲੜਕਾ-ਮੁੰਡਾ ਅਤੇ ਕੁੜੀ-ਕੁੜੀ ਵੀ ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਤੁਹਾਨੂੰ ਭਰਮਾਉਂਦਾ ਹੈ ਤਾਂ ਉਸ ਤੋਂ ਦੂਰੀ ਬਣਾ ਕੇ ਰੱਖੋ। ਹੋ ਸਕਦਾ ਹੈ ਕਿ ਉਹ ਆਪਣੇ ਬਹਾਨੇ ਤੁਹਾਡਾ ਸ਼ੋਸ਼ਣ ਕਰਨਾ ਚਾਹੁੰਦਾ ਹੋਵੇ। ਉਨ੍ਹਾਂ ਬੱਚਿਆਂ ਨੂੰ ਸੁਚੇਤ ਕਰਦਿਆਂ ਕਿਹਾ





ਕਿ ਸਮਾਜ ਵਿੱਚ ਕਈ ਤਰ੍ਹਾਂ ਦੇ ਲੋਕ ਹੁੰਦੇ ਹਨ। ਕੁਝ ਚੰਗੇ ਹੁੰਦੇ ਹਨ ਅਤੇ ਕੁਝ ਬੁਰੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਸਕੂਲ ਦੀ ਵਾਈਸ ਪ੍ਰਿੰਸੀਪਲ ਅੰਜੂ ਮੌਦਗਿਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਇਨਰ ਵ੍ਹੀਲ ਕਲੱਬ ਪੰਚਕੂਲਾ ਦੀ ਕੇਂਦਰੀ ਉਪ ਪ੍ਰਧਾਨ ਪ੍ਰਿਆ, ਸਕੱਤਰ ਸੁਮਨ ਮੋਂਗਾ, ਖਜ਼ਾਨਚੀ ਸ਼ਾਲਿਨੀ ਦੱਤਾ ਅਤੇ ਵੰਦਨਾ ਵੀ ਮੌਜੂਦ ਸਨ।

# ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਲਗਾਏ ਆਯੂਰਵੈਦਿਕ ਕੈਂਪ ਦਾ ਡੀ.ਐਸ.ਪੀ ਖਰੜ ਕਰਨ ਸਿੰਘ ਸੰਧੂ ਵਲੋਂ ਕੀਤਾ ਉਦਘਾਟਨ




ਖਰੜ, (ਕਾਲਾ ਸਿੰਘ ਸੈਣੀ ):- ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ ਅਯੂਰਵੈਦਿਕ ਵਿਭਾਗ ਅਤੇ ਸਰਕਾਰੀ ਆਯੂਰਵੈਦਿਕ ਡਿਸਪੈਸਰੀ ਖਰੜ ਦੇ ਸਹਿਯੋਗ ਨਾਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਮੁਫਤ ਆਯੂਰਵੈਦਿਕ ਕੈਂਪ ਲਗਾਇਆ ਗਿਆ। ਕੈਂਪ ਦਾ ਡੀ.ਐਸ. ਪੀ.ਖਰੜ ਕਰਨ ਸਿੰਘ ਸੰਧੂ ਨੇ ਕੀਤਾ। ਉਨਾਂ ਕਿਹਾ ਕਿ ਇਸ ਤਰਾਂ ਦੇ ਸਮਾਜ ਸੇਵੀ ਕੰਮ ਕਰਨ ਨਾਲ ਨੌਜਵਾਨਾਂ ਵਿਚ ਵੀ ਸੇਵਾ ਕਰਨ ਦੀ ਭਾਵਨਾ ਵੱਧਦੀ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਪੰਕਜ ਚੱਢਾ ਅਤੇ ਸਕੱਤਰ ਪਰਮਪ੍ਰੀਤ ਸਿੰਘ ਨੇ ਦਸਿਆ ਕਿ ਕੈਂਪ ਵਿਚ ਡਾ. ਕ੍ਰਿਤਿਕਾ ਭਨੋਟ, ਡਾ. ਨਵਦੀਪ ਕੌਰ ਦੋਨੋ ਆਯੂਰਵੈਦਿਕ ਮੈਡੀਕਲ ਅਫਸਰ, ਹਰਮੇਸ਼ ਸਿੰਘ ਉਪਵੈਦ, ਅੰਜੂ ਕੰਬੋਜ਼, ਤੇਜਿੰਦਰ ਸਿੰਘ ਤਿੰਨੋ ਉਪ ਵੈਦ ਦੀ ਟੀਮ ਵਲੋਂ 195 ਸਕੂਲ ਦੇ ਵਿਦਿਆਰਥੀਆਂ ਦਾ ਚੈਕਅੱਪ ਕਰਕੇ ਉਨਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਡਾ.ਕ੍ਰਿਤਿਕਾ ਭਨੋਟ ਨੇ ਦਸਿਆ ਕਿ ਵਿਦਿਆਰਥੀਆਂ ਨੂੰ ਕੈਂਪ ਦੌਰਾਨ ਖੁਰਾਕ ਅਤੇ ਜੀਵਨਸ਼ੈਲੀ ਸੋਧਾਂ ਲਈ ਸਲਾਹ ਦਿੱਤੀ ਗਈ ਅਤੇ ਖੇਡਾਂ, ਅਭਿਆਸਾਂ ਜਾਂ ਯੋਗਾ ਦੇ ਰੂਪ ਵਿਚ ਸਰੀਰਕ ਗਤੀਵਿਧੀਆਂ ਨੂੰ ਅਪਣਾਉਣ ਲਈ ਜਾਗਰੂਕ ਕੀਤਾ ਗਿਆ। ਉਨਾਂ ਦਸਿਆ ਕਿ ਕੈਂਪ ਵਿਚ 60 ਫੀਸਦੀ ਵਿਦਿਆਰਥੀ ਅਨੀਮਿਕ ਸਨ ਅਤੇ 20 ਪ੍ਰਤੀਸ਼ਤ ਗਲਤ ਪੌਸਟਿਗ ਖੁਰਾਕ ਦੀਆਂ ਆਦਤਾਂ ਕਾਰਨ ਕੁਪੋਸ਼ਣ ਦਾ ਸ਼ਿਕਾਰ ਸਨ। ਬੱਚਿਆਂ ਨੂੰ ਕੈਂਪ ਦੌਰਾਨ ਹੋਰਾਂ ਚੈਕਅੱਪ ਕਰਵਾਉਣ ਲਈ ਲੋੜ ਹੈ ਅਤੇ ਬੱਚਿਆਂ ਨੂੰ ਮਾਰਗਦਰਸ਼ਨ ਕੀਤਾ ਗਿਆ। ਕੈਂਪ ਵਿਚ ਟਰਾਏ ਕੰਪਨੀ ਵਲੋਂ ਅਸ਼ਵਨੀ, ਚਰਕ ਕੰਪਨੀ ਵਲੋਂ ਵਿਜੈ ਪਾਂਡੇ ਵਲੋਂ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ ਨੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸਾਬਕਾ ਐਸ. ਜੀ.ਪੀ.ਸੀ.ਮੇਂਬਰ ਭਜ਼ਨ ਸਿੰਘ ਸੇਰਗਿੱਲ, ਜੋਰਾ ਸਿੰਘ ਚੱਪੜਚਿੜੀ, ਸਕੂਲ ਅਧਿਆਪਕਾ ਗੁਰਵਿੰਦਰ ਕੌਰ, ਜਸਵਿੰਦਰ ਕੌਰ, ਮੈਡਮ ਸ਼ਿਵਾਨੀ, ਨਵਨੀਤ ਕੌਰ, ਸਿਮਰਨ ਕੌਰ, ਗੁਰਤੇਜ਼ ਸਿੰਘ , ਹਰਪ੍ਰੀਤ ਸਿੰਘ, ਕਲੱਬ ਦੇ ਮਨੋਜ਼ ਕੁਮਾਰ, ਗੁਰਮੁੱਖ ਸਿੰਘ ਮਾਨ, ਵਨੀਤ ਜੈਨ, ਮਨਿੰਦਰ ਸਿੰਘ, ਕੁਲਦੀਪ ਸਿੰਘ ਢਿਲੋਂ ਸਮੇਤ ਸਕੂਲ ਦੇ ਸਟਾਫ ਮੇਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਵਾਤਾਵਰਣ ਦੀ ਸ਼ੁੱਧਤਾਂ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ: ਰਮਨਦੀਪ ਕੌਰ




ਖਰੜ, ( ਕਾਲਾ ਸਿੰਘ ਸੈਣੀ ):- ਵਾਤਾਵਰਣ ਨੂੰ ਸੁੱਧ ਰੱਖਣ ਲਈ ਸਾਨੂੰ ਵਾਤਾਵਰਣ ਦੀ ਸ਼ੁੱਧਤਾਂ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ,ਪੌਦੇ ਸਾਡਾ ਜੀਵਨ ਹਨ, ਰੁੱਖ ਸਾਨੂੰ ਫਲ,ਲੱਕੜ ਅਤੇ ਛਾਂ ਦੇਣ ਦੇ ਨਾਲ-ਨਾਲ ਸਾਹ ਲੈਣ ਲਈ ਆਕਸੀਜਨ ਵੀ ਪ੍ਰਦਾਨ ਕਰਦੇ ਹਨ, ਰੁੱਖ,ਮਨੁੱਖ ਅਤੇ ਪੰਛੀ ਇੱਕ ਦੂਸਰੇ ਦੇ ਮਿੱਤਰ ਹਨ ਇਨਾਂ ਸ਼ਬਦਾਂ ਦਾ ਪ੍ਰਗਟਾਵਾ ਤਹਿਸੀਲਦਾਰ ਖਰੜ ਰਮਨਦੀਪ ਕੌਰ ਨੇ ਲੀਲਾ ਆਰਚਿਡ ਗਰੀਨ ਅਤੇ ਰੈਜ਼ੀਡੈਂਸ਼ੀਅਲ ਵੈਲਫੇਅਰ ਐਸੋਸੀਏਸ਼ਨ ਸੰਤੇਮਾਜਰਾ ਅਤੇ ਖਰੜ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਕਲੋਨੀ ਵਿਚ ਬੂਟੇ ਲਗਾਉਣ ਦੀ ਮੁਹਿਮ ਦੀ ਸ਼ੁਰੂਆਤ ਕਰਨ ਸਮੇਂ ਸਾਂਝੇ ਕੀਤੇ। ਇਸ ਮੌਕੇ ਸ਼ਾਮ ਸੁੰਦਰ ਐਮ.ਡੀ. ਲੀਲਾ ਔਰਚਿਡ ਗਰੀਨ ਨੇ ਦੱਸਿਆ ਕਿ ਕੰਪਨੀ ਅਤੇ ਸੁਸਾਇਟੀ ਵਲੋਂ ਪਹਿਲੇ ਪੜਾਅ ਵਿਚ 1500 ਪੌਦੇ ਲਗਾਏ ਜਾ ਰਹੇ ਹਨ ਜਿਨਾਂ ਵਿਚ ਗੁਲਮੋਹਰ, ਸੰਜਨਾ, ਨਿੰਮ, ਆਵਲਾਂ, ਫਲਾਂਦਾਰ, ਛਾਂਦਾਰ ਆਦਿ ਸ਼ਾਮਲ ਹਨ। ਉਨਾਂ ਕਿਹਾ ਕਿ ਕੁਦਰਤ ਨੇ ਸਭ ਚੀਜ਼ਾਂ ਸਾਡੇ ਲਈ ਬਣਾਈਆਂ ਹਨ ਅਤੇ ਸਾਨੂੰ ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਮੌਕੇ ਸਾਬਕਾ ਵਣ ਰੇਜ਼ ਅਫਸਰ ਜੁਗਰਾਜ ਸਿੰਘ, ਸ਼੍ਰੀਮਤੀ ਪਾਇਲ ਮੈਨੇਜਿੰਗ ਡਾਇਰੈਕਟਰ,ਅਨੀਤਾ ਦੇਵੀ,ਰਾਕੇਸ਼ ਅਗਰਵਾਲ, ਤਹਿਸੀਲ ਦਫਤਰ ਖਰੜ ਦੇ ਆਰ.ਸੀ.ਦਵਿੰਦਰ ਸਿੰਘ ਸਮੇਤ ਹੋਰ ਸਟਾਫ ਮੈਂਬਰ ਅਤੇ ਸੁਸਾਇਟੀ ਦੇ ਵਸਨੀਕ ਹਾਜ਼ਰ ਸਨ।

# 29 ਜੁਲਾਈ ਤੋਂ 03 ਅਗਸਤ 2024 ਤੱਕ ਮਾਨਯੋਗ ਸੁਪਰੀਮ ਕੋਰਟ ਵਿੱਚ ਲਗਾਈ ਜਾਵੇਗੀ ਸਪੈਸ਼ਲ ਲੋਕ ਅਦਾਲਤ - ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਅਗਰਵਾਲ

ਗੁਰਦਾਸਪੁਰ-ਨਵਨੀਤ ਕੁਮਾਰ -

ਸ੍ਰੀ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਮਿਤੀ 29.07.2024 ਤੋਂ ਮਿਤੀ 03.08.2024 ਤੱਕ ਮਾਣਯੋਗ ਸੁਪਰੀਮ ਕੋਰਟ ਵਿਖੇ ਸਪੈਸ਼ਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਵੱਖ-ਵੱਖ ਕੈਟਾਗਰੀਆਂ ਜਿਵੇਂ ਕਿ ਲੇਬਰ ਨਾਲ ਸਬੰਧਿਤ ਮਾਮਲੇ, ਚੈੱਕ ਨਾਲ ਸਬੰਧਿਤ ਮਾਮਲੇ (138 ਐੱਨ.ਆਈ. ਐਕਟ), ਐਕਸੀਡੈਂਟ ਕਲੇਮ ਕੇਸ (ਮੋਟਰ ਐਕਸੀਡੈਂਟ ਕਲੇਮ), ਹੋਰ ਮੁਆਵਜ਼ੇ ਦੇ ਮਾਮਲੇ, ਪਰਿਵਾਰਿਕ ਕਾਨੂੰਨੀ ਮਾਮਲੇ, ਸਰਵਿਸਿਜ਼ ਸਬੰਧੀ ਮਾਮਲੇ, ਰੈਂਟ ਸਬੰਧੀ ਮਾਮਲੇ, ਅਕਾਦਮਿਕ ਮਾਮਲੇ, ਮੇਨਟੇਨੈਂਸ ਨਾਲ ਸਬੰਧਿਤ ਮੁੱਦੇ, ਮਾਰਟਗੇਜ ਨਾਲ ਸਬੰਧਿਤ ਮਾਮਲੇ, ਖਪਤਕਾਰ ਸੁਰੱਖਿਆ ਦੇ ਮਾਮਲੇ, ਤਬਾਦਲਾ ਪਟੀਸ਼ਨ (ਦੀਵਾਨੀ ਅਤੇ ਫ਼ੌਜਦਾਰੀ), ਰਕਮ ਵਸੂਲੀ ਸਬੰਧੀ ਮਾਮਲੇ, ਕਰਿਮੀਨਲ ਕੰਪਾਉਂਡੇਬਲ ਮਾਮਲੇ, ਜ਼ਮੀਨੀ ਵਿਵਾਦਾਂ ਨਾਲ ਸਬੰਧਿਤ ਮਾਮਲੇ, ਜੋ ਮਾਨਯੋਗ ਸੁਪਰੀਮ ਕੋਰਟ ਵਿੱਚ ਲੰਬਿਤ ਹਨ ਦਾ ਆਪਸੀ ਰਜ਼ਾਮੰਦੀ ਨਾਲ ਫ਼ੈਸਲਾ ਕਰਵਾਇਆ ਜਾਵੇਗਾ।

ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨੇ ਆਮ ਪਬਲਿਕ ਨੂੰ ਅਪੀਲ ਕਰਦੇ ਹੋਏ ਕਿਹਾ ਹੈ ਕਿ ਜੇਕਰ ਤੁਹਾਡਾ ਕੇਸ ਸੁਪਰੀਮ ਕੋਰਟ ਵਿੱਚ ਲੰਬਿਤ ਹੈ ਅਤੇ ਤੁਸੀਂ ਦੂਜੀ ਧਿਰ



ਨਾਲ ਸਮਝੌਤੇ ਉਪਰੰਤ ਸੁਪਰੀਮ ਕੋਰਟ ਵਿੱਚ ਲੱਗਣ ਵਾਲੀ ਸਪੈਸ਼ਲ ਲੋਕ ਅਦਾਲਤ ਰਾਹੀਂ ਆਪਣੇ ਕੇਸਾਂ ਦਾ ਨਿਪਟਾਰਾ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਦੇ ਦਫ਼ਤਰ ਵਿੱਚ ਜਲਦੀ ਤੋਂ ਜਲਦੀ (ਪਰ ਮਿਤੀ 28.07.2024 ਤੋਂ ਬਾਅਦ ਨਹੀਂ), ਕਿਸੇ ਵੀ ਕੰਮ ਕਾਜ ਵਾਲੇ ਦਿਨ ਸੰਪਰਕ ਕਰਕੇ ਕੇਸ ਦਾ ਨਿਪਟਾਰਾ ਕਰਵਾ ਸਕਦੇ ਹੋ। ਸ੍ਰੀ ਸੁਮਿਤ ਭੱਲਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨੇ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਵਿਖੇ ਲਗਾਈ ਜਾਣ ਵਾਲੀ ਸਪੈਸ਼ਲ ਲੋਕ ਅਦਾਲਤ ਸਬੰਧੀ ਕਿਸੇ ਵੀ ਪ੍ਰਕਾਰ ਦੀ ਪੁੱਛਗਿੱਛ ਲਈ ਦਫ਼ਤਰ ਦੇ ਫ਼ੋਨ ਨੰਬਰ 01874-240369 ਜਾਂ ਮੋਬਾਈਲ ਨੰਬਰ 8558809606 ਜਾਂ ਈ-ਮੇਲ ਆਈ.ਡੀ dlsa.gsp@punjab.gov.in ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਗੁਰਦਾਸਪੁਰ ਚ ਜਸ਼ਨ-ਏ-ਅਜ਼ਾਦੀ




ਗੁਰਦਾਸਪੁਰ-ਨਵਨੀਤ ਕੁਮਾਰ -

ਜ਼ਿਲ੍ਹਾ ਸਦਰ ਮੁਕਾਮ ਗੁਰਦਾਸਪੁਰ ਵਿਖੇ ਇਸ ਵਾਰ ਵੀ 15 ਅਗਸਤ ਨੂੰ ਕੌਮੀ ਅਜ਼ਾਦੀ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਮਨਾਏ ਜਾਣ ਵਾਲੇ ਇਸ ਜ਼ਿਲ੍ਹਾ ਪੱਧਰੀ ਅਜ਼ਾਦੀ ਦਿਵਸ ਸਮਾਗਮ ਨੂੰ ਕਾਮਯਾਬ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਸੁਭਾਸ਼ ਚੰਦਰ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਸੁਭਾਸ਼ ਚੰਦਰ ਨੇ ਕਿਹਾ ਕਿ ਗੁਰਦਾਸਪੁਰ ਵਿਖੇ ਜਸ਼ਨ-ਏ-ਅਜ਼ਾਦੀ ਸਮਾਗਮ ਪੂਰੀ ਧੂਮ-ਧਾਮ ਨਾਲ ਮਨਾਇਆ ਜਾਵੇਗਾ ਅਤੇ ਹਰ ਵਿਭਾਗ ਆਪਣੀਆਂ ਤਿਆਰੀਆਂ ਨੂੰ ਹੁਣ ਤੋਂ ਹੀ ਸ਼ੁਰੂ ਕਰ ਦੇਵੇ। ਉਨ੍ਹਾਂ ਕਿਹਾ ਕਿ ਅਜ਼ਾਦੀ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪਰੇਡ ਦਾ ਨਿਰੀਖਣ ਕੀਤਾ ਜਾਵੇਗਾ ਅਤੇ ਉਪਰੰਤ ਪੰਜਾਬ ਪੁਲੀਸ ਦੇ ਜਵਾਨਾਂ, ਮਹਿਲਾ ਪਲਾਟੂਨ, ਪੰਜਾਬ ਹੋਮ ਗਾਰਡ, ਐਨ.ਸੀ.ਸੀ. ਕੈਡਿਟ ਅਤੇ ਵੱਖ ਵੱਖ ਸਕੂਲਾਂ ਦੀਆਂ ਪਰੇਡ ਅਤੇ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬੀ ਸਭਿਆਚਾਰ ਦੀ ਤਰਜ਼ਮਾਨੀ ਕਰਦਾ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਸੁਭਾਸ਼ ਚੰਦਰ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਹਰ ਵਿਭਾਗ ਆਪਣੀਆਂ ਤਿਆਰੀਆਂ ਨੂੰ ਸਮਾਂ ਰਹਿੰਦਿਆਂ ਪੂਰਾ ਕਰ ਲਵੇ। ਇਸ ਮੌਕੇ ਵੱਖ ਵੱਖ ਟੀਮਾਂ ਦਾ ਗਠਨ ਕੀਤਾ ਗਿਆ ਜੋ ਕਿ ਅਜ਼ਾਦੀ ਸਮਾਗਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨਗੀਆਂ। ਉਨ੍ਹਾਂ ਕਿਹਾ ਕਿ ਅਜ਼ਾਦੀ ਦਿਹਾੜੇ ਮੌਕੇ ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਾਂ, ਵੀਰ ਨਾਰੀਆਂ ਅਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ। ਮੀਟਿੰਗ ਦੌਰਾਨ ਐੱਸ.ਡੀ.ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ, ਡੀ.ਡੀ.ਪੀ.ਓ. ਸ੍ਰੀ ਸਤੀਸ਼ ਕੁਮਾਰ, ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪ੍ਰਸ਼ੋਤਮ ਸਿੰਘ, ਜੀ.ਐੱਮ. ਇੰਡਸਟਰੀ ਸ. ਸੁਖਪਾਲ ਸਿੰਘ, ਨਾਇਬ ਤਹਿਸੀਲਦਾਰ ਹਿਰਦੇਪਾਲ ਸਿੰਘ, ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਸ. ਹਰਚਰਨ ਸਿੰਘ ਕੰਗ, ਐੱਸ.ਡੀ.ਓ. ਲੋਕ ਨਿਰਮਾਣ ਵਿਭਾਗ ਸ. ਲਵਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

DIPS INSTITUTIONS CHAIN OF DIPS INSTITUTIONS KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998